ਜਨਤਕ

# ਪੈਗਾਮ



ਇਸ ਗੌਰਵਮਈ ਇਤਿਹਾਸ ਦਾ ਕੀ ਕਰੋਗੇ ਚਾਰਾ
ਇਥੇ ਹਰ ਜ਼ਰੇ 'ਚ ਮਚਲ ਰਿਹਾ ਹੈ ਰੋਹ ਲਲਕਾਰਾ
ਜਿਥੇ ਹੱਕ ਜਿੰਦਗੀ ਮਾਣਦੇ ਤੇਗਾਂ ਦੀ ਛਾਂਵੇ
ਜਿਥੇ ਹਰ ਪੱਤੇ 'ਤੇ ਉਕਰੇ ਸ਼ਹੀਦੀ ਸਿਰਨਾਂਵੇ

76
ਜੁਲਾਈ, '91
ਭੇਟਾ : 4 ਰੁਪਏ
ਸੰਪਾਦਕ : ਗੁਰਮੀਤ ਸਿੰਘ

## ਨਕਸਲਬਾੜੀ ਗਰੁੱਪਾਂ ਦੀ ਆਤਮਘਾਤੀ ਸੇਧ ਬਾਰੇ

# "ਜਨਤਕ ਪੈਗ਼ਾਮ" ਦਾ ਪੋਜ਼ੀਸ਼ਨ ਦਾ ਬਿਆਨ

10 ਅਪਰੈਲ ਨੂੰ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਸੇਵੇਵਾਲ ਵਿਖੇ ਸਿੱਖ ਖਾੜਕੂਆਂ ਨੇ "ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ" ਨਾਂ ਦੀ ਜਥੇਬੰਦੀ ਦੇ ਕੁਝ ਆਗੂਆਂ ਤੇ ਵਰਕਰਾਂ ਨੂੰ ਗੋਲੀਆਂ ਨਾਲ ਭੁੰਨ ਦਿਤਾ । ਇਸ ਘਟਨਾ ਵਿਚ ਕੁਝ ਨਿਰਦੋਸ਼ ਵਿਅਕਤੀ ਵੀ ਮਾਰੇ ਗਏ। ਇਸ "ਫਰੰਟ" ਨੂੰ ਆਮ ਕਰਕੇ ਨਕਸਲੀ ਜਥੇਬੰਦੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਇਸ ਤੋਂ ਪਹਿਲਾਂ ਵੀ ਆਪਣੇ ਆਪ ਨੂੰ ਨਕਸਲੀ ਕਹਾਉਂਦੇ ਕੁਝ ਗਰੁੱਪਾਂ ਦੇ ਆਗੂਆਂ ਜਾਂ ਵਰਕਰਾਂ ਦੇ ਸਿੱਖ ਖਾੜਕੂਆਂ ਹੱਥੋਂ ਮਾਰੇ ਜਾਣ ਦੀਆਂ ਇੱਕਾ-ਦੁੱਕਾ ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਮੋੜਵੇਂ ਰੂਪ ਵਿਚ ਇਹਨਾਂ ਨਕਸਲੀ ਗਰੁੱਪਾਂ ਨੇ ਵੀ "ਰੈੱਡ ਗਾਰਡ" "ਸ਼ਹੀਦ ਭਗਤ ਸਿੰਘ ਬਿਰਗੇਡ" ਜਾਂ "ਸਰਾਭਾ ਬਿਰਗੇਡ" ਆਦਿ ਨਾਵਾਂ ਹੇਠ ਸਿੱਖ ਖਾੜਕੂਆਂ ਦੇ ਹਮਾਇਤੀਆਂ ਉੱਤੇ ਹਮਲੇ ਵਿੱਢੇ ਹੋਏ ਹਨ । ਇਸ ਤਰ੍ਹਾਂ ਇਨ੍ਹਾਂ ਨਕਸਲੀ ਗਰੁਪਾਂ ਤੇ ਖਾਲਿਸਤਾਨੀ ਜੁਝਾਰੂਆਂ ਦਰਮਿਆਨ ਦੁਸ਼ਮਣਾਨਾ ਭੇੜ ਸ਼ੁਰੂ ਹੋ ਗਿਆ ਹੈ ਅਤੇ ਇਕ ਦੂਜੇ ਦੇ ਬੰਦੇ ਮਾਰਨ ਦਾ ਸਿਲਸਿਲਾ ਨਿਰੰਤਰ ਜਾਰੀ ਹੈ।

"ਜਨਤਕ ਪੈਗ਼ਾਮ" ਦੇ ਨਕਸਲੀ ਲਹਿਰ ਅੰਦਰਲੀ ਇਕ ਧਿਰ ਨਾਲ ਸਬੰਧਤ ਹੋਣ ਕਾਰਨ ਕੁਝ ਪਾਠਕ ਸਾਡੇ ਕੋਲੋਂ ਇਸ ਹਾਲਤ ਬਾਰੇ ਸਪਸ਼ਟੀਕਰਨ ਦੀ ਮੰਗ ਕਰਦੇ ਰਹਿੰਦੇ ਹਨ। ਇਹਨਾਂ ਨਕਸਲੀ ਗਰੁੱਪਾਂ ਦੇ ਦੂਰ ਨੇੜੇ ਦੇ ਹਮਾਇਤੀ ਵੀ ਅਜਿਹੇ ਕਤਲਾਂ ਬਾਰੇ "ਜਨਤਕ ਪੈਗ਼ਾਮ" ਦੇ "ਸਟੈਂਡ" ਤੋਂ ਜਾਣੂ ਹੋਣ ਦੀ ਇੱਛਾ ਪ੍ਰਗਟਾਉਂਦੇ ਰਹਿੰਦੇ ਹਨ । ਸਾਡੇ ਪਾਠਕਾਂ ਦੇ ਨਕਸਲੀ ਗਰੁੱਪਾਂ ਦੇ ਅਜਿਹੇ ਹਮਾਇਤੀਆਂ ਦੀ ਤ੍ਰਿਪਤੀ ਲਈ ਇਥੇ ਅਸੀਂ ਮੂਲ ਰੂਪ 'ਚ ਆਪਣੀ ਪੋਜ਼ੀਸ਼ਨ ਸਪਸ਼ਟ ਕਰ ਰਹੇ ਹਾਂ।

ਨਕਸਲਬਾੜੀ ਲਹਿਰ ਭਾਰਤ ਦੇ ਲੁਟੇਰੇ ਤੇ ਜਾਬਰ ਰਾਜ-ਪ੍ਰਬੰਧ ਵਿਰੁੱਧ ਉਠੀ ਇਕ ਹਥਿਆਰਬੰਦ ਬਗ਼ਾਵਤ ਸੀ। ਭਾਰਤੀ ਰਾਜ ਨੂੰ ਤਹਿਸ-ਨਹਿਸ ਕਰਨ ਲਈ ਦੇਸ਼ ਭਰ ਅੰਦਰ ਹਜ਼ਾਰਾਂ ਨਕਸਲੀ ਯੋਧਿਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਪਰ ਜਿਵੇਂ ਹਰ ਲਹਿਰ ਅੰਦਰ ਵਾਪਰਦਾ ਹੈ, ਪਿਛਲੇ 24 ਸਾਲਾਂ ਦੌਰਾਨ ਨਕਸਲੀ ਲਹਿਰ ਅੰਦਰ ਵੀ ਅੱਡ-ਅੱਡ ਕਿਸਮ ਦੇ ਰੁਝਾਨ ਪੈਦਾ ਹੋ ਗਏ ਅਤੇ ਇਹ ਲਹਿਰ ਦਰਜਨਾਂ ਧਾਂਕਾਂ ਵਿਚ ਵੰਡੀ ਗਈ । ਜਿਵੇਂ ਹਰ ਲਹਿਰ ਅੰਦਰ ਵਾਪਰਦਾ ਹੈ, ਨਕਸਲੀ ਲਹਿਰ ਅੰਦਰ ਵੀ ਠੀਕ ਗਲਤ ਦੀ ਅਤੇ ਖਰੇ ਖੋਟੇ ਦੀ ਪਛਾਣ ਕਰਨੀ ਜ਼ਰਾ ਕੁ ਔਖੀ ਹੋ ਗਈ ਹੈ।

ਜੇਕਰ ਮੋਟੇ ਜਿਹੇ ਰੂਪ 'ਚ ਨਿਖੇੜ-ਨੁਕਤਾਂ ਨਿਰਧਾਰਤ ਕਰਨਾ ਹੋਵੇ ਤਾਂ ਸਾਡੇ ਵਿਚਾਰ ਅਨੁਸਾਰ ਸਿਰਫ ਉਨ੍ਹਾਂ ਗਰੁੱਪਾਂ ਨੂੰ ਹੀ ਅਸਲੀ ਜਾਂ ਸੱਚੇ ਨਕਸਲੀਏ ਕਿਹਾ ਜਾ ਸਕਦਾ ਹੈ ਜਿਹੜੇ ਭਾਰਤ ਦੇ ਲੁਟੇਰੇ ਤੇ ਜਾਬਰ ਰਾਜ-ਪ੍ਰਬੰਧ ਵਿਰੁੱਧ ਹਥਿਆਰਬੰਦ ਸੰਘਰਸ਼ ਚਲਾ ਰਹੇ ਹਨ ਅਤੇ ਇਸ ਅਮਲ ਦੌਰਾਨ ਭਾਰਤੀ ਹਾਕਮਾਂ ਦੇ ਵਹਿਸ਼ੀ ਜਬਰ ਦੀ ਮਾਰ ਝੱਲ ਰਹੇ ਹਨ। ਇਹ ਗਰੁੱਪ ਮੁੱਖ ਤੌਰ 'ਤੇ ਆਂਧਰਾ ਪ੍ਰਦੇਸ਼ ਬਿਹਾਰ, ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ ਅੰਦਰ ਸਰਗਰਮ ਹਨ। ਜਾਂ ਕੁਝ ਗਰੁੱਪ ਅਜਿਹੇ ਹਨ ਜਿਨ੍ਹਾਂ ਭਾਵੇਂ ਹਾਲ ਦੀ ਘੜੀ ਭਾਰਤੀ ਰਾਜ ਵਿਰੁੱਧ ਕੋਈ ਵੱਡਾ ਜਾਂ ਗਿਣਨਯੋਗ ਹਥਿਆਰਬੰਦ ਘੋਲ ਤਾਂ ਨਹੀਂ ਵਿਢਿਆ ਹੋਇਆ ਪਰ ਉਨ੍ਹਾਂ ਦੀਆਂ ਸਮੁੱਚੀਆਂ ਸਰਗਰਮੀਆਂ ਤੇ ਹਮਲੇ ਦੀ ਧਾਰ ਭਾਰਤ ਦੇ ਕੇਂਦਰੀ ਹਾਕਮਾਂ ਵਿਰੁੱਧ ਹੀ ਸੇਧਤ ਰਹਿ ਰਹੀ ਹੈ। "ਪੈਗ਼ਾਮ ਗਰੁੱਪ" ਇਨ੍ਹਾਂ ਵਿਚੋਂ ਇਕ ਹੈ।

ਜਿਥੋਂ ਤੱਕ ਪੰਜਾਬ ਅੰਦਰ ਕੰਮ ਕਰਦੇ ਹੋਰਨਾਂ ਨਕਸਲੀ ਗਰੁੱਪਾਂ ਦਾ ਸਬੰਧ ਹੈ, ਉਹਨਾਂ ਦਾ ਨਕਸਲੀ ਕਹਾਉਣ ਦਾ ਦਾਅਵਾ ਝੂਠਾ ਅਤੇ ਦੰਭੀ ਹੈ। ਇਸ ਵੇਲੇ ਇਨ੍ਹਾਂ 'ਚੋਂ ਬਹੁਤਿਆਂ ਦਾ ਮੁੱਖ ਕੰਮ ਭਾਰਤੀ ਹਾਕਮਾਂ ਵਿਰੁੱਧ ਲੜਨਾ ਨਹੀਂ, ਸਗੋਂ ਸਿੱਖ ਖਾੜਕੂਆਂ ਨਾਲ ਖਹਿਬੜਨਾ ਬਣਿਆ ਹੋਇਆ ਹੈ। ਕੁਝ ਗਰੁੱਪਾਂ ਨੇ ਤਾਂ ਸਿੱਖ ਖਾੜਕੂਆਂ ਵਿਰੁੱਧ ਸਿਆਸੀ ਟਾਊਟਪੁਣੇ ਦਾ ਧੰਦਾ ਛੋਹ ਰੱਖਿਆ ਹੋਇਆ ਹੈ। ਉਨ੍ਹਾਂ ਦੀਆਂ ਕਲਮਾਂ ਤੇ ਜ਼ੁਬਾਨਾਂ ਖਾੜਕੂ ਲਹਿਰ ਵਿਰੁੱਧ ਜਿਸ ਗੰਦੇ ਤੇ ਹੋਛੇ ਪਰਚਾਰ ਦੇ ਆਹਰੇ ਲੱਗੀਆਂ ਹੋਈਆਂ ਹਨ, ਉਸ ਨੂੰ ਦੇਖ ਕੇ ਜੀਅ ਕੱਚਾ ਹੋਣ ਲੱਗ ਪੈਂਦਾ ਹੈ। ਇਹ ਉਹ ਗਰੁੱਪ ਹਨ ਜੋ ਲੱਗਭਗ 20 ਸਾਲਾਂ ਤੋਂ ਭਾਰਤੀ ਹਾਕਮਾਂ ਵਿਰੁੱਧ ਹਥਿਆਰਬੰਦ ਘੋਲ ਲੜਨ ਦੀਆਂ ਗੱਲਾਂ ਤਾਂ ਹੁੱਬ-ਹੁੱਬ ਕੇ ਕਰਦੇ ਆ ਰਹੇ ਹਨ, ਪਰ ਹੁਣ ਤੱਕ ਜੇ ਉਹਨਾਂ ਕੋਈ ਟੁੱਟੀ-ਫੁੱਟੀ ਹਥਿਆਰਬੰਦ ਕਾਰਵਾਈ ਕੀਤੀ ਹੈ ਤਾਂ ਉਹ ਭਾਰਤ ਦੇ ਜ਼ਾਲਮ ਹਾਕਮਾਂ ਵਿਰੁੱਧ ਨਹੀਂ, ਸਗੋਂ ਭਾਰਤੀ ਹਾਕਮਾਂ ਨਾਲ ਹਥਿਆਰਬੰਦ ਟੱਕਰ ਲੈ ਰਹੇ ਸਿੱਖ ਖਾੜਕੂਆਂ ਵਿਰੁੱਧ ਹੀ ਕੀਤੀ ਹੈ। ਇਹੀ ਵਜ੍ਹਾ ਹੈ ਕਿ ਜਿਥੇ ਭਾਰਤੀ ਹਾਕਮਾਂ ਵੱਲੋਂ ਆਂਧਰਾ ਪ੍ਰਦੇਸ਼ ਤੇ ਬਿਹਾਰ ਅੰਦਰ ਸੱਚੇ ਨਕਸਲੀਆਂ ਨੂੰ ਗੋਲੀਆਂ ਨਾਲ ਨਿਵਾਜਿਆ ਜਾ ਰਿਹਾ ਹੈ, ਉਥੇ ਪੰਜਾਬ ਅੰਦਰਲੇ ਇਹ ਅਖੌਤੀ ਨਕਸਲੀ ਗਰੁੱਪ ਭਾਰਤੀ ਹਾਕਮਾਂ ਦੀ ਵਿਸ਼ੇਸ਼ ਕਿਰਪਾ-ਦ੍ਰਿਸ਼ਟੀ ਦੇ ਪਾਤਰ ਬਣੇ ਹੋਏ

(ਬਾਕੀ ਸਫ਼ਾ 31 'ਤੇ)

# ਪੰਜਾਬ ਦਾ ਅਧੂਰਾ ਚੋਣ-ਨਾਟਕ
# ਕੁਝ ਸਬਕ—ਕੁਝ ਸਵਾਲ

'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਦੁਆਰਾ ਪੰਜਾਬ ਅੰਦਰ ਰਚੇ ਚੋਣ-ਨਾਟਕ ਦੀ ਪਹਿਲੀ ਝਾਕੀ ਦਾ ਅੰਤ ਹੋ ਗਿਆ ਹੈ। ਦਿੱਲੀ ਵਿਚ ਬੈਠੇ ਸੂਤਰਧਾਰ (ਟੀ. ਐੱਨ. ਸ਼ੇਸਨ) ਨੇ 20-21 ਜੂਨ [illegible] ਵਿਚਕਾਰਲੀ ਰਾਤ ਨੂੰ ਢਾਈ ਵਜੇ ਅਚਾਨਕ ਪੜਦੇ ਦੀ ਰੱਸੀ ਖਿੱਚਕੇ ਇਸ ਨਾਟਕ ਵਿਚ ਖੜਾਖੂਨ-ਹੋ[illegible] 'ਪਾਤਰਾਂ' ਦੇ ਸਿਰ ਪਾਣੀ ਦਾ ਘੜਾ ਮੂਧਾ ਦਿੱਤਾ ਹੈ। ਤਿੰਨ ਮਹੀਨਿਆਂ ਦੇ ਵਕਫ਼ੇ ਬਾਅਦ ਇਸ ਨਾਟਕ [illegible] ਦੂਜਾ ਸ਼ੋਅ ਦਿਖਾਉਣ ਦਾ ਫ਼ੁਰਮਾਨ ਜਾਰੀ ਕਰਕੇ ਸੂਤਰਧਾਰ ਨੇ ਪਾਣੋ-ਪਾਣੀ ਹੋਏ ਪਾਤਰਾਂ ਨੂੰ ਉਦੋਂ ਤੱਕ ਪੱਬਾਂ ਭਾਰ ਖੜ੍ਹੇ ਰਹਿਣ ਦਾ ਸਰਾਪ ਦਿੱਤਾ ਹੈ।

ਡੇਢ ਮਹੀਨਾ ਭਰ ਚੱਲੇ ਇਸ ਰੰਗਾ-ਰੰਗ ਚੋਣ-ਨਾਟਕ ਨੇ ਦਰਸ਼ਕਾਂ ਲਈ ਕਾਫੀ ਮਨੋਰੰਜਨ ਪੇਸ਼ ਕੀਤਾ ਹੈ। ਵੰਨ-ਸੁਵੰਨੇ ਸਾਂਗ ਰਚਕੇ ਪੇਸ਼ ਹੋਏ 'ਪਾਤਰਾਂ' ਦੇ ਦਿਲਚਸਪ ਕਰਤੱਵ ਦੇਖਣ ਨੂੰ ਮਿਲੇ ਹਨ। ਕੱਲ੍ਹ ਦੇ ਦੋਸਤਾਂ ਨੂੰ ਇਕ ਦੂਜੇ ਦੇ ਗਲ ਪੈਂਦੇ ਦੇਖਿਆ ਗਿਆ ਹੈ, ਅਤੇ ਕੱਲ੍ਹ ਦੇ ਦੁਸ਼ਮਣਾਂ ਨੂੰ ਇਕ ਦੂਜੇ ਦੇ ਗੱਲ ਲੱਗਦੇ ਦੇਖਿਆ ਗਿਆ ਹੈ। ਖੁਦਪ੍ਰਸਤ ਚਿਹਰਿਆਂ ਉੱਤੇ ਚਾੜ੍ਹੇ 'ਨਿਸ਼ਕਾਮ ਸੇਵਾ' ਦੇ ਭੁਲੇਖਾ-ਪਾਊ ਮਖੌਟੇ ਚੋਣ-ਦੰਗਲ ਦੇ ਘਰੂਟਾਂ ਨਾਲ ਲੀਰੋ-ਲੀਰ ਹੁੰਦੇ ਦੇਖੇ ਗਏ ਹਨ। ਕੁਰਸੀਆਂ ਤੱਕ ਪਹੁੰਚਣ ਦੀ ਹਾਬੜ-ਦੌੜ ਅੰਦਰ ਈਮਾਨ ਅਤੇ ਅਸੂਲਾਂ ਦੀ ਖੇਹ ਉਡਦੀ ਦੇਖੀ ਗਈ ਹੈ। ਮੌਕਾਪ੍ਰਸਤੀ ਤੇ ਬੇਅਸੂਲੇਪਣ ਦੀ ਭੱਦੀ ਨੁਮਾਇਸ਼ ਲੱਗੀ ਦੇਖੀ ਗਈ ਹੈ। ਵਿਅਕਤੀਆਂ ਜਥੇਬੰਦੀਆਂ 'ਤੇ ਸੰਸਥਾਵਾਂ ਬਾਰੇ ਵੱਡੇ-ਵੱਡੇ ਭਰਮ ਚਕਨਾਚੂਰ ਹੁੰਦੇ ਦੇਖੇ ਗਏ ਹਨ। ਗੱਲ ਕੀ, ਡੇਢ ਮਹੀਨੇ ਦੌਰਾਨ ਪੰਜਾਬ ਦੇ ਲੋਕਾਂ ਨੂੰ ਬੜਾ ਹੀ ਕੁਝ ਦੇਖਣ, ਬੜਾ ਹੀ ਕੁਝ ਸੋਚਣ ਅਤੇ ਬੜਾ ਹੀ ਕੁਝ ਸਿੱਖਣ ਨੂੰ ਮਿਲਿਆ ਹੈ।

**ਸਬਕ ਨੰ: ਇਕ :** 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਅਸਲ ਵਿਚ ਦੁਨੀਆਂ ਦਾ ਸਭ ਤੋਂ ਵੱਡਾ ਫਰਾਡ ਹੈ। ਇਥੇ ਕਾਨੂੰਨ ਤੇ ਸੰਵਿਧਾਨ ਦਾ ਮੋਮ ਦਾ ਨੱਕ ਲੋੜ ਤੇ ਸਹੂਲਤ ਵੱਸ ਜਿੱਧਰ ਮਰਜ਼ੀ ਮਰੋੜਿਆ ਜਾ ਸਕਦਾ ਹੈ। ਭਾਰਤੀ ਹਾਕਮਾਂ ਦੀ ਲੋੜ ਪੂਰਤੀ ਲਈ ਮਨਚਾਹੇ ਆਰਡੀਨੈਂਸ ਜਾਰੀ ਕੀਤੇ ਜਾ ਸਕਦੇ ਹਨ, ਕਾਨੂੰਨ ਬਦਲੇ ਜਾ ਸਕਦੇ ਹਨ, ਅਸੂਲਾਂ ਦਾ ਕੀਮਾ ਕੀਤਾ ਜਾ ਸਕਦਾ ਹੈ, ਅਤੇ ਕੌਮਾਂਤਰੀ ਪੱਧਰ 'ਤੇ ਪ੍ਰਵਾਨਤ ਨਿਯਮ ਤੇ ਦਸਤੂਰ (ਕਨਵੈਨਸ਼ਨਜ਼) ਬੜੀ ਸੌਖ ਨਾਲ ਦਰੜੇ ਜਾ ਸਕਦੇ ਹਨ। 'ਆਜ਼ਾਦ ਤੇ ਨਿਰਪੱਖ ਚੋਣਾਂ' ਕਰਵਾਉਣ ਦੇ ਬਹਾਨੇ ਫੌਜੀ/ਨੀਮ-ਫੌਜੀ ਦਲਾਂ ਦੀਆਂ ਵਾਗਾਂ ਨੂੰ ਲੋਕਾਂ ਦੇ ਜਮਹੂਰੀ ਹੱਕਾਂ ਦਾ ਉਜਾੜਾ ਕਰਨ ਲਈ ਖੁਲ੍ਹਾ ਛੱਡਿਆ ਜਾ ਸਕਦਾ ਹੈ। ਗੱਲ ਕੀ, ਆਪਣੀ ਮਨਪਸੰਦ ਹਕੂਮਤ ਬਨਾਉਣ ਲਈ ਕੋਈ ਵੀ ਕਾਨੂੰਨੀ ਵਾਹੀਯਾਤੀ ਕੀਤੀ ਜਾ ਸਕਦੀ ਹੈ, ਕੋਈ ਵੀ ਧਾਂਦਲੀ ਮਚਾਈ ਜਾ ਸਕਦੀ ਹੈ, ਅਤੇ ਕੋਈ ਵੀ ਸੰਵਿਧਾਨਿਕ ਉਪੱਦਰ ਕੀਤਾ ਜਾ ਸਕਦਾ ਹੈ। ਅਜਿਹੀ ਦੀਵਾਲੀਆ 'ਜਮਹੂਰੀਅਤ' ਵਿਚ ਵਿਸ਼ਵਾਸ ਪ੍ਰਗਟਾਉਣਾ ਜਮਹੂਰੀਅਤ ਦੇ ਪਵਿੱਤਰ ਸ਼ਬਦ ਨਾਲ ਭੱਦਾ ਮਜ਼ਾਕ ਕਰਨਾ ਹੈ। ਅਜਿਹੀ ਬਦਕਾਰ 'ਜਮਹੂਰੀਅਤ' ਦੇ ਨਿਯਮਾਂ ਦੀ ਪਾਲਣਾ ਕਰਨਾ ਭਾਰਤੀ ਹਾਕਮਾਂ ਦੇ ਪਾਪ ਤੇ ਵਿਭਚਾਰ ਦੇ ਕਾਰੋਬਾਰ ਵਿਚ ਭਾਈਵਾਲ ਬਣਨਾ ਹੈ। ਅਜਿਹੀ ਦੰਭੀ 'ਜਮਹੂਰੀਅਤ' ਦੀ ਧੋਖੇ ਭਰੀ ਖੇਡ ਅੰਦਰ ਕਿਸੇ ਵੀ ਪੱਜ ਸ਼ਾਮਲ ਹੋਣਾ ਆਪਣੀ ਸ਼ਾਨ ਤੇ ਸਵੈ-ਮਾਣ ਨੂੰ ਸਰੇ-ਬਾਜ਼ਾਰ ਨੀਲਾਮ ਕਰਨਾ ਹੈ।

**ਸਬਕ ਨੰਬਰ ਦੋ :** ਪੰਥ ਅਤੇ ਪੰਜਾਬ ਦੇ ਹਿਤਾਂ ਨਾਲ ਗਦਾਰੀ ਰਵਾਇਤੀ ਅਕਾਲੀ ਲੀਡਰਸ਼ਿਪ ਦੇ ਲਹੂ ਅੰਦਰ ਰਚ ਗਈ ਹੈ। ਉਨ੍ਹਾਂ ਦੀ ਦਿੱਲੀ ਤੋਂ ਦੂਰੀ ਤੇ ਰੋਸਾ ਆਰਜ਼ੀ ਹੁੰਦਾ ਹੈ। ਪੰਜਾਬ ਵਜ਼ਾਰਤ ਦੀ ਬੁਰਕੀ ਅਜੇ ਕੇਂਦਰੀ ਹਾਕਮਾਂ ਦੇ ਹੱਥ ਵਿਚ ਹੀ ਹੁੰਦੀ ਹੈ ਕਿ ਉਹ ਸਾਰੇ ਅਸੂਲ ਤੇ ਈਮਾਨ ਛਿੱਕੇ 'ਤੇ ਟੰਗ ਕੇ,

ਇਕ ਦੂਜੇ ਤੋਂ ਮੂਹਰੇ ਹੋ ਦਿੱਲੀ ਵੱਲ ਭੱਜ ਉਠਦੇ ਹਨ। ਉਹ ਵਜ਼ਾਰਤੀ ਕੁਰਸੀਆਂ ਤੋਂ ਭੁੰਜੇ ਡਿੱਗੇ ਪਏ 'ਪੰਥਕ ਏਕਤਾ' ਦੀ ਝੂਠੀ ਰੱਟ ਜ਼ਰੂਰ ਲਾਉਂਦੇ ਰਹਿੰਦੇ ਹਨ, ਪਰ ਕੁਰਸੀਆਂ ਦਾ ਝਉਲਾ ਪੈਂਦਿਆਂ ਹੀ ਉਨ੍ਹਾਂ ਦੀਆਂ ਆਪਣੀਆਂ 'ਤੱਕੜੀਆਂ' ਹੱਥ ਵਿਚ ਹੁੰਦੀਆਂ ਹਨ ਅਤੇ 'ਤੀਰ ਕਮਾਨ' ਮੋਢਿਆਂ 'ਤੇ ਟੰਗੇ ਹੁੰਦੇ ਹਨ। ਚੋਣਾਂ ਦੀ ਖੇਡ ਜਿੱਤਣ ਲਈ ਉਹ ਈਮਾਨ ਦੀ ਹਰ ਬਾਜ਼ੀ ਦਾਅ 'ਤੇ ਲਾ ਦਿੰਦੇ ਹਨ। ਉਨ੍ਹਾਂ ਨੂੰ ਪੰਥ ਅਤੇ ਪੰਜਾਬ ਦੇ ਨਾਮੀ ਦੁਸ਼ਮਣਾਂ (ਸੀ. ਪੀ. ਆਈ., ਸੀ. ਪੀ. ਐੱਮ., ਭਾਰਤੀ ਜਨਤਾ ਪਾਰਟੀ ਆਦਿ) ਨਾਲ ਗੁੱਝੇ (ਅਤੇ ਲੋੜ ਪਏ ਤਾਂ ਜ਼ਾਹਰਾ ਵੀ) ਚੋਣ-ਸਮਝੌਤਿਆਂ ਵਿਚ ਸ਼ਾਮਲ ਹੁੰਦਿਆਂ ਨਾ ਦੇਰ ਲਗਦੀ ਹੈ ਤੇ ਨਾ ਸ਼ਰਮ ਆਉਂਦੀ ਹੈ। ਚੋਣਾਂ ਦੀ ਗੱਲ ਤੁਰਨ ਦੀ ਦੇਰ ਹੁੰਦੀ ਹੈ ਕਿ ਉਨ੍ਹਾਂ ਦੀਆਂ ਜ਼ੁਬਾਨਾਂ ਕੇਂਦਰੀ ਹਾਕਮਾਂ ਮੂਹਰੇ ਪੂਛਾਂ ਬਣਕੇ ਹਿੱਲਣ ਲੱਗ ਪੈਂਦੀਆਂ ਹਨ। ਪੰਥ ਅਤੇ ਪੰਜਾਬ ਨੂੰ ਕੇਂਦਰੀ ਹਾਕਮਾਂ ਤੋਂ ਮੁਕਤ ਕਰਵਾਉਣ ਲਈ ਇਹਨਾਂ ਕੋਹੜੀਆਂ ਤੇ ਕਲੰਕੀਆਂ ਤੋਂ ਮੁਕਤ ਹੋਣਾ ਜ਼ਰੂਰੀ ਹੈ। ਇਨ੍ਹਾਂ ਉੱਤੇ ਭੁਲੇਖੇ-ਵੱਸ ਵੀ ਕੋਈ ਵਿਸ਼ਵਾਸ ਕਰਨਾ ਆਪਣੀ ਅਕਲ ਨਾਲ ਬਲਾਤਕਾਰ ਕਰਨਾ ਹੈ।

**ਸਬਕ ਨੰਬਰ ਤਿੰਨ :** 'ਪੰਥਕ ਉਮੀਦਵਾਰਾਂ' ਦਾ ਜੋ ਝ (ਮੇਲਾ) ਇਸ ਵਾਰ ਵੇਖਣ 'ਚ ਆਇਆ ਹੈ, ਉਸ ਨੇ ਪੰਥਕ-ਦਰਦੀਆਂ ਦਾ ਮਨ ਖੱਟਾ ਕੀਤਾ ਹੈ। ਕੱਲ੍ਹ ਦੇ ਖਾੜਕੂ ਯੋਧਿਆਂ ਨੇ ਜਿਸ ਫੁਰਤੀ ਨਾਲ ਚੋਣ-ਮੈਦਾਨ ਅੰਦਰ ਛਾਲਾਂ ਮਾਰੀਆਂ ਹਨ, ਉਸ ਨੇ ਪੰਥ-ਹਿਤੈਸ਼ੀਆਂ ਦੇ ਵਿਸ਼ਵਾਸ ਨੂੰ ਵੱਡੀ ਸੱਟ ਮਾਰੀ ਹੈ। ਖਾਸ ਕਰਕੇ ਲਾਲਚ, ਖੁਦਪ੍ਰਸਤੀ ਤੇ ਬੇਅਸੂਲੇਪਣ ਦੀ ਜੋ ਕੜ੍ਹੀ ਇਨ੍ਹਾਂ ਨਵੇਂ ਚੋਣ-ਖਿਡਾਰੀਆਂ ਨੇ ਘੋਲੀ (ਅਤੇ ਡੋਲ੍ਹੀ) ਹੈ, ਉਸ ਨੇ ਪੰਥ ਸਾਹਮਣੇ ਸੋਚਣ ਲਈ ਨਵੇਂ ਸੁਆਲ ਅਤੇ ਹੱਲ ਕਰਨ ਲਈ ਨਵੇਂ ਮਸਲੇ ਖੜ੍ਹੇ ਕਰ ਦਿੱਤੇ ਹਨ। ਚੱਲ ਰਹੇ ਸਿੱਖ ਸੰਘਰਸ਼ ਅੰਦਰ ਉਹ ਕਿਹੜੀਆਂ ਖਾਮੀਆਂ ਹਨ ਕਿ 'ਖੱਟੀ' ਦਾ ਮੌਕਾ ਮਿਲਦਿਆਂ ਹੀ ਨਵੇਂ ਮੌਕਾਪ੍ਰਸਤਾਂ ਦੇ ਪੂਰ ਨਹੀਂ; ਪਲਟਣਾਂ ਨਿੱਤਰ ਆਈਆਂ ਹਨ? ਉਹ ਕਿਹੜੀਆਂ ਵਿਚਾਰਧਾਰਕ ਤੇ ਸਿਆਸੀ ਘਾਟਾਂ ਜਾਂ ਕਮਜ਼ੋਰੀਆਂ ਹਨ ਕਿ ਸੱਤਾ ਦੀ ਭੁੱਖ ਐਡੇ ਭੱਦੇ ਤੇ ਬਿਫਰੇ ਰੂਪ 'ਚ ਆ ਪਰਗਟ ਹੋਈ ਹੈ? ਬੰਦੂਕ ਦੀ ਗੋਲੀ ਇਸ ਮਨਹੂਸ ਵਰਤਾਰੇ ਦਾ ਕੋਈ ਭਰੋਸੇਮੰਦ ਉਪਾਅ ਨਹੀਂ। ਇਹ ਮਰਜ਼ ਮੂਲ ਰੂਪ ਵਿਚ ਸਿਆਸੀ ਹੈ, ਅਤੇ ਇਸਦਾ ਪੱਕਾ ਇਲਾਜ ਵੀ ਦਰੁਸਤ ਸਿਆਸਤ ਦੀ ਗੋਲੀ ਨਾਲ ਹੀ ਸੰਭਵ ਹੈ। ਲੋੜ ਸਿਆਸੀ ਅਮਲ ਤੋਂ ਬੇਮੁਖ ਹੋਣ ਦੀ ਨਹੀਂ, ਇਸ ਨੂੰ ਖਾੜਕੂ ਸੰਘਰਸ਼ ਦਾ ਸਹਾਈ ਅੰਗ ਬਣਾਉਣ ਦੀ ਹੈ। ਲੋੜ ਸਿਆਸਤ ਤੇ ਬੰਦੂਕ ਨੂੰ ਇਕ ਦੂਜੇ ਦੇ ਉਲਟ ਖੜ੍ਹਾਉਣ ਦੀ ਨਹੀਂ, ਦੋਵਾਂ ਦਾ ਸਹੀ ਸੁਮੇਲ ਕਰਨ ਦੀ ਹੈ। ਜਦ ਸਿਆਸਤ ਤੇ ਬੰਦੂਕ ਦੀ ਇਹ ਲੈਅ ਟੁੱਟ ਜਾਵੇ ਅਤੇ ਬੰਦੂਕ ਥੋਕ-ਰੂਪ 'ਚ ਹੀ ਸਿਆਸਤ ਦੀ ਦੁਸ਼ਮਣ ਹੋ ਨਿਬੜੇ ਤਾਂ ਬੰਦੂਕ ਸਿਆਸਤ ਹੱਥੋਂ, ਅਤੇ ਉਹ ਵੀ ਗਲਤ ਸਿਆਸਤ ਹੱਥੋਂ ਮਾਤ ਖਾ ਬਹਿੰਦੀ ਹੈ। ਅਜਿਹੀ ਵੀਰਾਨ ਬੰਦੂਕ ਦੀ ਨਾਲੀ ਖੁਦ ਹੀ ਗਲਤ ਸਿਆਸਤ ਦੇ ਕਿਰਮਾਂ ਦੀ ਜੰਮਣ-ਭੋਇੰ ਹੋ ਨਿਬੜਦੀ ਹੈ। ਪੰਜਾਬ ਦਾ ਸਿਆਸੀ ਰਣਖੇਤਰ ਅੱਜ ਇਸ ਮੰਦਭਾਗੇ ਵਰਤਾਰੇ ਦਾ ਹੀ ਸੰਤਾਪ ਹੰਢਾ ਰਿਹਾ ਹੈ। ਖਾੜਕੂ ਲਹਿਰ ਦੀ ਸਿਆਸੀ ਅਮਲ ਪ੍ਰਤੀ ਬੇਮੁਖਤਾ ਸਦਕਾ ਪੈਦਾ ਹੋਏ ਸਿਆਸੀ ਖਿਲਾਅ ਨੇ ਗਲਤ ਸਿਆਸਤ ਦੇ ਕੀਟਾਣੂਆਂ ਦੇ ਬੇਰੋਕ ਫੈਲਾਅ ਲਈ ਮੁਆਫ਼ਕ ਹਾਲਤ ਮੁਹੱਈਆ ਕਰ ਰੱਖੀ ਹੈ। ਇਨ੍ਹਾਂ ਕੀਟਾਣੂਆਂ ਨੂੰ ਗੋਲੀਆਂ ਦੇ ਛਿੜਕਾਅ ਨਾਲ ਆਰਜ਼ੀ ਤੌਰ 'ਤੇ ਦਬਾਅ ਬੇਸ਼ੱਕ ਲਿਆ ਜਾਵੇ, ਪਰ ਇਸ ਹੀਲੇ ਇਨ੍ਹਾਂ ਨੂੰ ਖਤਮ ਕਰ ਸਕਣਾ ਕਤਈ ਸੰਭਵ ਨਹੀਂ। ਗਲਤ ਸਿਆਸਤ ਦਾ ਹੱਲ ਸਿਆਸੀ ਖਿਲਾਅ ਨਹੀਂ, ਦਰੁਸਤ ਸਿਆਸਤ ਹੀ ਬਣ ਸਕਦੀ ਹੈ। ਖਾੜਕੂ ਲਹਿਰ ਸਾਹਮਣੇ ਦਰੁਸਤ ਸਿਆਸਤ ਦਾ ਬਦਲ ਉਭਾਰਨ ਦਾ ਕਾਰਜ ਪੂਰੀ ਸ਼ਿੱਦਤ ਨਾਲ ਦਰਪੇਸ਼ ਹੈ। ਖਾੜਕੂ ਲਹਿਰ ਦੀ ਅਗਲੀ ਪੇਸ਼ਕਦਮੀ ਇਸ ਗੁੰਝਲਦਾਰ ਮਸਲੇ ਦੇ ਢੁਕਵੇਂ ਹੱਲ ਲਈ ਗੰਭੀਰ ਉਪਰਾਲਿਆਂ ਦੀ ਲੋੜ ਖੜ੍ਹੀ ਕਰ ਰਹੀ ਹੈ।

**ਸਬਕ ਨੰਬਰ ਚਾਰ :** ਕੋਈ ਵੀ ਨੀਤੀ, ਨਾਹਰਾ ਜਾਂ ਕਾਰਵਾਈ ਉਲੀਕਣ ਲੱਗਿਆਂ ਲੋਕ-ਇੱਛਾ ਦਾ ਖਿਆਲ ਰੱਖਣਾ, ਲੋਕ ਪੱਖੀ ਸਿਆਸਤ ਦਾ ਮੁਢਲਾ ਅਸੂਲ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਆਮ ਲੋਕਾਂ ਅੰਦਰ, ਖਾਸ ਕਰਕੇ ਸਿੱਖ ਭਾਈਚਾਰੇ ਅੰਦਰ ਚੋਣਾਂ ਪ੍ਰਤੀ ਕੋਈ ਖਾਸ ਜੋਸ਼ ਤੇ ਉਤਸ਼ਾਹ ਨਹੀਂ ਸੀ। ਪਰ ਇਸਦਾ ਇਹ ਮਤਲਬ ਨਹੀਂ ਕਿ ਪੰਜਾਬ ਦੇ ਲੋਕਾਂ ਅੰਦਰ 'ਆਪਣੀ ਸਰਕਾਰ' ਬਣਾਉਣ

ਦੀ ਰੁਚੀ ਜਾਂ ਉਮੰਗ ਨਹੀਂ ਸੀ। ਲੋਕ ਆਪਣੀ ਸਰਕਾਰ ਬਣਾਉਣ ਦੀ ਲੋੜ ਤੋਂ ਬੇਮੁਖ ਨਹੀਂ ਹੋਏ, ਸਗੋਂ ਸਰਕਾਰ ਬਣਾਉਣ ਦੇ ਦਾਅਵੇਦਾਰਾਂ ਦੇ ਲੱਛਣਾਂ ਤੋਂ ਬਦਜ਼ਨ ਹੋਏ ਹਨ। ਚੋਣਾਂ ਦੇ ਬਾਈਕਾਟ ਦੀ ਨੀਤੀ ਘੜਨ ਅਤੇ ਇਸ ਨੂੰ ਲਾਗੂ ਕਰਨ ਵੇਲੇ ਇਸ ਪੱਖ ਨੂੰ ਕਦਾਚਿਤ ਅੱਖੋਂ ਓਹਲੇ ਨਹੀਂ ਕੀਤਾ ਜਾਣਾ ਚਾਹੀਦਾ। ਲੋਕ-ਪੱਖੀ ਸਿਆਸਤ ਦਾ ਇਕ ਹੋਰ ਅਹਿਮ ਅਸੂਲ ਇਹ ਹੈ ਕਿ ਜਿਥੇ ਦੁਸ਼ਮਣ ਉਤੇ ਆਪਣੀ ਇੱਛਾ ਲਾਗੂ ਕਰਨ ਲਈ ਤਾਕਤ ਤੇ ਹਿੰਸਾ ਦੀ ਵਰਤੋਂ ਨਾ ਸਿਰਫ ਜਾਇਜ਼ ਹੈ, ਸਗੋਂ ਅਤਿ ਜ਼ਰੂਰੀ ਹੈ, ਉਥੇ ਆਪਣੀ ਇੱਛਾ ਨੂੰ ਆਪਣੇ ਹੀ ਲੋਕਾਂ ਉਤੇ ਲਾਗੂ ਕਰਨ ਲਈ ਧੱਕੇ ਦੀ ਵਰਤੋਂ ਗੈਰ-ਵਾਜਬ ਤੇ ਨੁਕਸਾਨਦੇਹ ਹੁੰਦੀ ਹੈ। ਲੋਕਾਂ ਨੂੰ ਆਪਣੇ ਵਿਚਾਰਾਂ ਨਾਲ ਕਾਇਲ ਕਰਨ ਲਈ ਸਿਰੜ ਭਰੇ ਸਿਆਸੀ ਕੰਮ ਦੀ ਜ਼ਰੂਰਤ ਹੁੰਦੀ ਹੈ। ਜਦ ਦੁਸ਼ਮਣ ਤੇ ਲੋਕਾਂ ਵਿਚਕਾਰ ਇਹ ਨਿਖੇੜਾ ਨਾ ਕੀਤਾ ਜਾਵੇ, ਅਤੇ ਲੋਕਾਂ ਉਤੇ ਆਪਣੀ ਇੱਛਾ ਲਾਗੂ ਕਰਨ ਲਈ ਸਿੱਖਿਆ ਤੇ ਪ੍ਰੇਰਨਾ ਦਾ ਰਾਹ ਛੱਡਕੇ ਧੱਕੇ ਤੇ ਹਿੰਸਾ ਦਾ ਹਥਿਆਰ ਵਾਹੁਣਾ ਸ਼ੁਰੂ ਕਰ ਦਿੱਤਾ ਜਾਵੇ, ਤਾਂ ਹਿੰਸਾ ਆਪਣਾ ਸੁਹਜ ਤੇ ਪਵਿਤਰਤਾ ਗੁਆ ਬਹਿੰਦੀ ਹੈ ਅਤੇ ਇਸਦਾ ਦਹਿਸ਼ਤਗਰਦੀ ਵਿਚ ਨਿਘਾਰ ਹੋ ਜਾਂਦਾ ਹੈ। 'ਭਾਈ' ਸ਼ਮਿੰਦਰ ਸਿੰਘ ਦੇ ਕਤਲ ਵਾਲੀ ਹਿੰਸਾ ਦੀ ਖੁਸ਼ਬੋ ਅਤੇ ਬੱਦੋਵਾਲ ਤੇ ਕਿਲਾ ਰਾਇਪੁਰ ਦੇ ਕਾਰਿਆਂ ਵਾਲੀ ਅੰਨ੍ਹੀ ਹਿੰਸਾ ਦੀ ਬਦਬੂ ਵਿਚ ਵੱਡਾ, ਬਹੁਤ ਵੱਡਾ ਫਰਕ ਹੈ। ਪਹਿਲੀ ਹਿੰਸਾ ਲਹਿਰ ਨੂੰ ਸਿਆਸੀ ਤੇ ਨੈਤਿਕ ਬੁਲੰਦੀਆਂ ਬਖਸ਼ਦੀ ਹੈ, ਅਤੇ ਦੂਜੀ ਹਿੰਸਾ ਇਸ ਨੂੰ ਨੈਤਿਕ ਡੂੰਘਾਣਾਂ ਵੱਲ ਲੈ ਜਾਂਦੀ ਹੈ। ਪਹਿਲੀ ਹਿੰਸਾ ਦੀ ਜ਼ੁੰਮੇਂਵਾਰੀ ਸ਼ਾਨ ਨਾਲ ਕਬੂਲੀ ਜਾਂਦੀ ਹੈ, ਅਤੇ ਦੂਜੀ ਹਿੰਸਾ ਨੂੰ ਕਬੂਲਣਯੋਗ ਬਣਾਉਣ ਲਈ ਸੌ ਬਹਾਨੇ ਤੇ ਝੂਠ ਘੜਨੇ ਪੈਂਦੇ ਹਨ। ਅਤਿ ਦੀਆਂ ਭੜਕਾਊ ਤੇ ਕਠੋਰ ਹਾਲਤਾਂ ਵਿਚ ਵੀ ਮਹਿਣੇ ਤੇ ਚੂਹੜਚੱਕ ਵਾਲੇ ਐਕਸ਼ਨਾਂ ਦੀ ਠੁੱਕ ਅਤੇ ਸ਼ਾਨ ਨੂੰ ਬਰਕਰਾਰ ਰੱਖਣਾ ਅਤੇ ਆਪਣੀ ਜ਼ਮੀਰ ਨੂੰ ਬੱਦੋਵਾਲ ਤੇ ਕਿਲਾ ਰਾਇਪੁਰ ਵਰਗੇ ਕਾਂਡਾਂ ਦੇ ਬੋਝ ਹੇਠਾਂ ਦਬ ਜਾਣ ਤੋਂ ਬਚਾਉਣਾ ਖਾੜਕੂ ਲਹਿਰ ਸਾਹਮਣੇ ਇਕ ਵੱਡੀ ਚੁਣੌਤੀ ਹੈ। ਇਸ ਚੁਣੌਤੀ ਨੂੰ ਕਬੂਲ ਕਰਨ ਲਈ ਸਿਧਾਂਤਕ ਤਕੜਾਈ ਅਤੇ ਨੈਤਿਕ ਸੁਡੌਲਤਾ ਦੀ ਜ਼ਰੂਰਤ ਹੈ। ਸਿਰੜ ਭਰੇ ਸਿਆਸੀ ਕੰਮ ਦੇ ਖੱਪੇ ਨੂੰ ਤੱਤ-ਭੜੱਥੀਆਂ ਹਥਿਆਰਬੰਦ ਕਾਰਵਾਈਆਂ ਨਾਲ ਪੂਰ ਕਰਨ ਦੀ ਧੁੱਸ ਖਾੜਕੂ ਲਹਿਰ ਲਈ ਇਕ ਵੱਡਾ ਖਤਰਾ ਹੈ, ਅਜਿਹਾ ਖਤਰਾ ਜੋ ਬੇਥਹਾ ਲਹੂ ਡੋਲ੍ਹ ਕੇ ਹਾਸਲ ਕੀਤੀਆਂ ਸੰਭਾਲਣਯੋਗ ਪ੍ਰਾਪਤੀਆਂ ਨੂੰ ਦਿਨਾਂ ਵਿਚ ਤਹਿਸ-ਨਹਿਸ ਕਰ ਸਕਦਾ ਹੈ। ਇਤਿਹਾਸ ਕੋਲੋਂ ਲਗਾਤਾਰ ਸਿਖਦੇ ਜਾਣਾ ਅਤੇ ਆਪਣੀਆਂ ਖੂਬੀਆਂ ਨੂੰ ਹੋਰ ਲਿਸ਼ਕਾਉਣ ਲਈ ਆਪਣੀਆਂ ਤਰੁਟੀਆਂ ਨੂੰ ਦੂਰ ਕਰਨ ਦੇ ਸੁਹਿਰਦ ਉਪਰਾਲਿਆਂ ਵਿਚ ਜੁਟੇ ਰਹਿਣਾ ਹੀ ਸੱਚ ਦੇ ਰਾਹ ਉਤੇ ਅੱਗੇ ਵਧਣਾ ਹੈ।

**1 ਜੁਲਾਈ 1991**


## ਪੈਗਾਮ ਪ੍ਰਕਾਸ਼ਨ ਦੀ ਨਵੀਂ ਕਿਤਾਬ

# "ਬ੍ਰਾਹਮਣਵਾਦ ਨੂੰ ਦਫਨਾ ਦਿਓ"

**(ਡਾ: ਭੀਮ ਰਾਓ ਅੰਬੇਦਕਰ ਦੀਆਂ ਚੋਣਵੀਆਂ ਲਿਖਤਾਂ ਦਾ ਸੰਗ੍ਰਹਿ)**

ਛੱਪ ਕੇ ਮਾਰਕੀਟ ਵਿਚ ਆ ਚੁੱਕੀ ਹੈ

ਕੀਮਤ 10/-

ਮਿਲਣ ਦਾ ਪਤਾ : ਨਵਦੀਪ ਸਿੰਘ ਬਿੱਟੂ
ਪਿੰਡ ਤੇ ਡਾਕਖਾਨਾ ਸਕਰੌਦੀ, ਜ਼ਿਲ੍ਹਾ ਸੰਗਰੂਰ—148026

# ਸ. ਸਿਮਰਨਜੀਤ ਸਿੰਘ ਮਾਨ

# ਕੀ ਸੰਕਟ ਦੀ ਘੁੰਮਣਘੇਰੀ ਚੋਂ ਬਾਹਰ ਨਿਕਲ ਸਕਣਗੇ ?

ਸ: ਸਿਮਰਨਜੀਤ ਸਿੰਘ ਮਾਨ ਨੂੰ ਇਕ ਬੜੀ ਹੀ ਕਠਨ ਹਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦੇ ਆਪਣੇ ਹੀ ਕਹਿਣ ਮੁਤਾਬਕ ਉਹ "ਦੋ ਪੁੜਾਂ" ਵਿਚ ਫਸੇ ਹੋਏ ਮਹਿਸੂਸ ਕਰ ਰਹੇ ਹਨ। ਇਕ ਪਾਸੇ ਕੇਂਦਰੀ ਹਾਕਮ ਉਹਨਾਂ ਪਿੱਛੇ ਹੱਥ ਧੋ ਕੇ ਪਏ ਹੋਏ ਹਨ, ਅਤੇ ਦੂਜੇ ਪਾਸੇ ਉਹਨਾਂ ਨੂੰ ਖਾੜਕੂਆਂ ਦੇ ਵਿਰੋਧ ਤੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਦਿਨੀਂ ਉਹਨਾਂ ਵੱਲੋਂ ਦਿੱਤੇ ਭਾਸ਼ਣਾਂ ਤੇ ਬਿਆਨਾਂ ਤੋਂ ਇਹ ਸਾਫ਼ ਜ਼ਾਹਰ ਹੁੰਦਾ ਹੈ ਕਿ ਉਹ ਤਿੱਖੇ ਮਾਨਸਿਕ ਤਣਾਅ ਤੇ ਦੁਬਿਧਾ 'ਚੋਂ ਗੁਜ਼ਰ ਰਹੇ ਹਨ। ਉਹਨਾਂ ਦੀ ਮਾਨਸਿਕ ਔਖ ਤੇ ਉਲਝਣ ਖੁਲ੍ਹ ਕੇ ਪਰਗਟ ਹੋ ਰਹੀ ਹੈ। ਉਹਨਾਂ ਦੇ ਬੋਲਾਂ ਅੰਦਰ ਉਦਾਸੀ ਤੇ ਵਿਚਾਰਾਂ ਅੰਦਰ ਨਿਰਾਸ਼ਤਾ ਦੇ ਅੰਸ਼ ਦਿਖਾਈ ਦੇਣ ਲੱਗੇ ਹਨ। ਬਿਨਾਂ ਸ਼ੱਕ, ਸ: ਮਾਨ ਇਕ ਗੰਭੀਰ ਸੰਕਟ ਦੀ ਗਰਿਫ਼ਤ 'ਚ ਆਏ ਹੋਏ ਹਨ, ਅਤੇ ਜੇਕਰ ਇਹ ਸੰਕਟ ਠੀਕ-ਰੁਖ ਹੱਲ ਨਾ ਹੋਇਆ ਤਾਂ ਇਸ ਨਾਲ ਸ: ਮਾਨ ਦਾ ਰਾਜਸੀ ਭਵਿਖ ਗਹਿਰੀ ਤਰ੍ਹਾਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ।

### ਸੰਕਟ ਦੀ ਵਜ੍ਹਾ

ਇਕ ਆਮ ਵਿਚਾਰ ਇਹ ਪਾਇਆ ਜਾਂਦਾ ਹੈ ਕਿ ਇਹ ਹਾਲਤ ਸ: ਮਾਨ ਹੁਰਾਂ ਖੁਦ ਹੀ ਸਹੇੜੀ ਹੈ। ਆਮ ਕਰਕੇ ਦੋਸ਼ ਦੀ ਉਂਗਲ ਸ: ਮਾਨ ਹੁਰਾਂ ਦੇ ਸਖਸ਼ੀ ਔਗੁਣਾਂ ਵੱਲ ਸੇਧੀ ਜਾਂਦੀ ਹੈ। ਦੋਸ਼ ਦਾ ਸਾਰਾ ਘੜਾ ਉਹਨਾਂ ਦੇ "ਨੁਕਸਾ-ਗੁੱਸੇ ਸੁਭਾਅ" ਅਤੇ "ਉਲਝਣਦਾਰ ਸਖਸ਼ੀਅਤ" ਦੇ ਸਿਰ ਭੰਨਿਆ ਜਾਂਦਾ ਹੈ। ਇਸ ਤਰ੍ਹਾਂ ਮਸਲੇ ਦੇ ਸਿਆਸੀ ਪੱਖ ਨੂੰ ਲੱਗਭੱਗ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਸ: ਮਾਨ ਹੁਰਾਂ ਦੇ ਅੰਨ੍ਹੇ ਵਿਰੋਧ ਨਾਲ ਗ੍ਰਹਿਣੀ ਹੋਈ ਇਹ ਪਹੁੰਚ ਗਲਤ ਹੈ, ਉਲਾਰ ਹੈ ਅਤੇ ਇਕਪਾਸੜ ਹੈ।

ਸਿਮਰਨਜੀਤ ਸਿੰਘ ਮਾਨ ਨੂੰ ਦਰਪੇਸ਼ ਸੰਕਟ ਮੁੱਖ ਤੌਰ 'ਤੇ **ਸਿਆਸੀ** ਹੈ, **ਜ਼ਾਤੀ** ਨਹੀਂ। ਕਹਿਣ ਤੋਂ ਭਾਵ: ਇਸ ਸੰਕਟ ਦੀ ਅਸਲ ਵਜ੍ਹਾ ਸ: ਮਾਨ ਵੱਲੋਂ ਅਖਤਿਆਰ ਕੀਤੀ **ਸਿਆਸੀ ਸੇਧ** ਹੈ, ਨਾਂ ਕਿ ਉਹਨਾਂ ਦੇ ਨਿੱਜੀ ਗੁਣ-ਔਗੁਣ। ਉਹ ਦੇ ਨਿੱਜੀ ਗੁਣ ਔਗਣਾਂ ਦਾ ਜੇਕਰ ਕੋਈ ਰੋਲ ਹੈ ਤਾਂ ਉਹ ਦੋਮ ਦਰਜੇ ਦਾ ਹੀ ਹੈ।

### ਰਵਾਇਤੀ ਲੀਡਰਸ਼ਿੱਪ ਅਤੇ ਮਾਨ

ਸ: ਸਿਮਰਨਜੀਤ ਸਿੰਘ ਮਾਨ ਨੂੰ ਰਵਾਇਤੀ ਅਕਾਲੀ ਆਗੂਆਂ ਦੇ ਜੁਮਰੇ 'ਚ ਰੱਖਣਾ ਇਕ ਵੱਡੀ ਭੁੱਲ ਹੋਵੇਗੀ। ਦੋਵਾਂ ਵਿਚ ਇਕ ਵੱਡਾ, ਬੁਨਿਆਦੀ ਫਰਕ ਹੈ। ਰਵਾਇਤੀ ਅਕਾਲੀ ਆਗੂ ਮੁੱਖ ਤੌਰ 'ਤੇ ਖੁਦਪ੍ਰਸਤ (Self-Seekers) ਹਨ। ਪੰਥ ਨਾਲ ਉਹਨਾਂ ਦੀ ਸਾਂਝ ਦਿਲੀ ਘੱਟ, ਸਵਾਰਥ-ਹਿਤੀ ਵੱਧ ਹੈ। ਇਹ ਸੋਚਣ ਦੀ ਬਜਾਇ ਕਿ ਉਹ ਪੰਥ ਨੂੰ ਕੀ ਦੇ ਸਕਦੇ ਹਨ, ਉਹਨਾਂ ਦੀ ਸਾਰੀ, ਸੋਚ ਅਤੇ ਬੁਣਤ-ਵਿਉਂਤ ਇਸ ਨੁਕਤੇ ਦੁਆਲੇ ਘੁੰਮਦੀ ਹੈ ਕਿ ਉਹ ਪੰਥ ਕੋਲੋਂ ਹਾਸਲ ਕੀ ਕਰ ਸਕਦੇ ਹਨ। ਉਹ ਕੇਂਦਰੀ ਹਾਕਮਾਂ ਵਿਰੁੱਧ ਲੜਦੇ ਜ਼ਰੂਰ ਹਨ, ਪਰ ਮੁੱਖ ਤੌਰ 'ਤੇ ਆਪਣੇ ਸਵਾਰਥੀ ਹਿਤਾਂ ਦੀ ਪੂਰਤੀ ਲਈ ਹੀ। ਅਤੇ ਲੜਦੇ ਹੋਏ ਵੀ ਉਹ ਕੇਂਦਰੀ ਹਾਕਮਾਂ ਵੱਲ ਸਮਝੌਤੇ ਤੇ ਦੋਸਤੀ ਵਾਲਾ ਹੱਥ ਵਧਾਉਣ ਲਈ ਹਮੇਸ਼ਾ ਉਤਾਵਲੇ ਰਹਿੰਦੇ ਹਨ। ਜਦ ਵੀ ਉਹਨਾਂ ਦੇ ਹਿੱਤ ਕੇਂਦਰੀ ਹਾਕਮਾਂ ਨਾਲ ਸਮਝੌਤੇ ਦੀ ਮੰਗ ਕਰਦੇ ਹਨ ਤਾਂ ਉਹ ਸੰਘਰਸ਼ ਦਾ ਝੰਡਾ ਬਾਏਂ ਸੁੱਟ ਕੇ ਦਿੱਲੀ ਵੱਲ ਛਾਲੀਂ ਭੱਜ ਉਠਦੇ ਹਨ। ਪੰਥ ਅਤੇ ਪੰਜਾਬ ਨੂੰ ਕੇਂਦਰੀ ਹਾਕਮਾਂ ਦੇ ਚੁੰਗਲ ਤੋਂ ਪੂਰਨ ਤੌਰ 'ਤੇ ਆਜ਼ਾਦ ਕਰਾਉਣਾ ਉਹਨਾਂ ਦੇ ਪ੍ਰੋਗਰਾਮ ਵਿਚ ਸ਼ਾਮਲ ਨਹੀਂ। ਉਹਨਾਂ ਦਾ ਨਿਸ਼ਾਨਾਂ ਭਾਰਤੀ ਸੰਵਿਧਾਨ ਦੀ ਛਤਰਛਾਇਆ ਹੇਠ ਹੀ ਰਤਾ ਕੁ ਵਧੇਰੇ ਖੁਲ੍ਹਾਂ ਦਾ ਆਨੰਦ ਮਾਨਣ ਤੱਕ ਸੀਮਤ ਹੈ। ਦੋ ਹਰਫ਼ਾਂ 'ਚ ਗੱਲ ਨਿਬੇੜਨੀ ਹੋਵੇ ਤਾਂ ਉਹ ਪੰਥ ਦੇ ਘੱਟ ਦਿੱਲੀ ਦੇ ਵਧ ਹਨ।

ਸ: ਸਿਮਰਨਜੀਤ ਸਿੰਘ ਮਾਨ ਹੁਰਾਂ ਦਾ ਮਾਮਲਾ ਏਦੂੰ ਵੱਖਰਾ ਹੈ। ਕਿਹਾ ਜਾ ਸਕਦਾ ਹੈ ਕਿ ਉਹਨਾਂ ਦੀ ਪੰਥ ਨਾਲ ਸਾਂਝ ਸੱਚੀ ਹੈ, ਝੂਠੀ ਨਹੀਂ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਹ ਪੰਜਾਬ ਅਤੇ ਪੰਥ ਨੂੰ ਕੇਂਦਰੀ ਹਾਕਮਾਂ ਦੀ ਗੁਲਾਮੀ ਦੇ ਜੂਲੇ ਤੋਂ ਸੱਚਮੁੱਚ ਹੀ ਸੁਤੰਤਰ ਹੋਇਆ ਦੇਖਣਾ ਲੋਚਦੇ ਹਨ। ਖੁੰਦਮੁਖਤਿਆਰ ਸਿੱਖ ਰਾਜ ਦੀ ਸਥਾਪਨਾ ਬਾਰੇ, ਪੰਜਾਬ ਦੇ ਕੁਦਰਤੀ ਸਾਧਨਾਂ ਉਤੇ ਪੰਜਾਬ ਦੀ ਮਾਲਕੀ ਦੇ ਹੱਕ ਬਾਰੇ, ਸਤਲੁਜ-ਜਮਨਾ ਲਿੰਕ ਨਹਿਰ ਬਾਰੇ, ਪੰਜਾਬ ਨੂੰ ਪਾਕਿਸਤਾਨ-ਵਿਰੋਧੀ ਜੰਗ ਦਾ ਮੈਦਾਨ ਨਾ ਬਣਨ ਦੇਣ ਬਾਰ ਸ: ਮਾਨ ਹੁਰਾਂ ਜੋ ਧੜੱਲੇਦਾਰ ਪੋਜ਼ੀਸ਼ਨਾਂ ਲਈਆਂ ਹਨ, ਉਹ

ਨਿਪੁੰਸਕ ਅਕਾਲੀ ਲੀਡਰਸ਼ਿਪ ਕਦੇ ਵੀ ਨਹੀਂ ਸੀ ਲੈ ਸਕਦੀ। ਬਿਨਾਂ ਸ਼ੱਕ, ਸ: ਮਾਨ ਅੰਦਰ ਕੇਂਦਰੀ ਹਾਕਮਾਂ ਵਿਰੁੱਧ ਲੜਨ ਦਾ ਜਜ਼ਬਾ ਹੈ, ਅਤੇ ਕੁੱਝ ਹੱਦ ਤੱਕ ਇਰਾਦਾ ਵੀ।

ਪਰ ਲੜਾਈ ਲਈ ਦੋਵੇਂ ਗੱਲਾਂ ਕਾਫ਼ੀ ਨਹੀਂ ਹੁੰਦੀਆਂ। ਸਿਆਸੀ ਸੰਘਰਸ਼ ਲਈ ਦਰੁਸਤ **ਸਿਆਸੀ ਸੇਧ** ਦੀ ਲੋੜ ਹੁੰਦੀ ਹੈ। ਜੇਕਰ ਦਰੁਸਤ **ਸਿਆਸੀ ਸੇਧ** ਨਹੀਂ ਤਾਂ ਲੜਾਈ ਦੇ ਜਜ਼ਬੇ ਤੇ ਇਰਾਦੇ ਦਾ ਕੱਖ ਨਹੀਂ ਵੱਟਿਆ ਜਾਂਦਾ। ਸ: ਸਿਮਰਨਜੀਤ ਸਿੰਘ ਮਾਨ ਦਾ ਵੱਡਾ ਦੁਖਾਂਤ (ਤੇ ਕਮਜ਼ੋਰੀ) ਇਹ ਹੈ ਕਿ ਉਹ ਕੇਂਦਰ ਵਿਰੁੱਧ ਲੜਨਾ ਤਾਂ ਚਾਹੁੰਦੇ ਹਨ ਪਰ ਉਹਨਾਂ ਪੱਲੇ ਸਿਆਸੀ ਸੇਧ ਨਹੀਂ। (ਰਵਾਇਤੀ ਅਕਾਲੀ ਆਗੂਆਂ ਦੀ 'ਕਹਾਣੀ' ਹੀ ਹੋਰ ਹੈ। ਉਹ ਕੇਂਦਰੀ ਹਾਕਮਾਂ ਵਿਰੁੱਧ ਲੜਨਾ ਨਹੀਂ, 'ਲੜਨ-ਲੜਨ ਖੇਡਣਾ' ਚਾਹੁੰਦੇ ਹਨ!) ਇਸ ਕਰਕੇ ਸ: ਮਾਨ ਦੀ ਹਾਲਤ ਉਸ ਲਾਚਾਰ ਵਿਅਕਤੀ ਵਾਲੀ ਬਣੀ ਹੋਈ ਹੈ ਜਿਸ ਦਾ ਜੀਅ ਤਾਂ ਸੌ ਮੀਟਰ ਦੀ ਦੌੜ ਲਾਉਣ ਨੂੰ ਕਰਦਾ ਹੈ ਪਰ ਜੋ ਮੰਦੇ ਭਾਗਾਂ ਨੂੰ ਆਪਣੀਆਂ ਅੱਖਾਂ ਦੀ ਜੋਤ ਗੁਆਈ ਫਿਰਦਾ ਹੈ! ਸ: ਮਾਨ ਦਾ ਦੂਹਰਾ ਦੁਖਾਂਤ ਇਹ ਹੈ ਕਿ ਉਹਨਾਂ ਨੂੰ ਆਪਣੀਆਂ ਅੱਖਾਂ ਦੀ ਮਰੀ ਹੋਈ ਜੋਤ ਦਾ ਗਿਆਨ ਜਾਂ ਅਹਿਸਾਸ ਵੀ ਨਹੀਂ !!

## ਭਾਵਨਾਤਮਿਕ ਭਾਣਾ

ਸ: ਸਿਮਰਨਜੀਤ ਸਿੰਘ ਮਾਨ ਦੇ ਇਸ ਦੁਖਾਂਤ ਦੀ ਬੁਨਿਆਦ ਉਸ ਅਮਲ ਅੰਦਰ ਹੀ ਛੁਪੀ ਹੋਈ ਹੈ ਜਿਸ ਨੇ ਉਹਨਾਂ ਨੂੰ ਅਚਾਨਕ, ਇਕ ਗੈਰ-ਸੁਭਾਵਿਕ ਜਿਹੇ ਢੰਗ ਨਾਲ ਪੰਥ ਦੇ ਸ਼੍ਰੋਮਣੀ ਆਗੂ ਦੀ ਪਦਵੀ ਉਤੇ ਸੁਸ਼ੋਭਿਤ ਕਰ ਦਿੱਤਾ। ਸ: ਮਾਨ ਦੀ 'ਤਾਜਪੋਸ਼ੀ' ਦਾ ਇਹ ਗੈਰ-ਸੁਭਾਵਿਕ ਅਮਲ ਸਮੁੱਚੇ ਪੰਥ ਲਈ, ਅਤੇ ਸਭ ਤੋਂ ਵੱਧ ਖੁਦ ਸ: ਮਾਨ ਹੁਰਾਂ ਲਈ, ਠੰਢੇ ਦਿਲੋ-ਦਿਮਾਗ ਨਾਲ ਸੋਚਣ ਵਾਸਤੇ ਕੁਝ ਨੁਕਤੇ ਕੁਝ ਸੁਆਲ ਖੜ੍ਹੇ ਕਰਦਾ ਹੈ। ਇਹਨਾਂ ਨੁਕਤਿਆਂ ਬਾਰੇ ਤਹੱਮਲ, ਈਮਾਨਦਾਰੀ ਤੇ ਗਹਿਰ-ਗੰਭੀਰਤਾ ਨਾਲ ਕੀਤੀ ਵਿਚਾਰ ਸ: ਮਾਨ ਨੂੰ ਦਰਪੇਸ਼ ਸਿਆਸੀ ਸੰਕਟ ਦੀ ਥਾਹ ਪਾਉਣ ਅਤੇ ਇਸ ਦਾ ਭਰੋਸੇਮੰਦ ਹੱਲ ਲੱਭਣ 'ਚ ਸਹਾਈ ਹੋ ਸਕਦੀ ਹੈ।

ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਪੂਰਬ ਦਾ ਰਵਈਆ ਪੱਛਮ ਨਾਲੋਂ ਐਨ ਵੱਖਰਾ ਹੈ। ਸਾਡੇ ਇਥੇ ਤਿਆਗ ਅਤੇ ਕੁਰਬਾਨੀ ਨੂੰ ਕਿਸੇ ਵਿਅਕਤੀ ਦਾ ਬਹੁਤ ਵੱਡਾ ਅਤੇ ਉਤਮ ਗੁਣ ਸਮਝਿਆ ਜਾਂਦਾ ਹੈ। (ਅਤੇ ਇਹ ਗੱਲ ਆਪਣੇ ਆਪ 'ਚ ਗਲਤ ਵੀ ਨਹੀਂ)।

ਇਸ ਹਕੀਕਤ ਤੋਂ ਲੱਗਭੱਗ ਹਰ ਸਿੱਖ ਵਾਕਫ਼ ਹੈ ਕਿ ਸ: ਸਿਮਰਨਜੀਤ ਸਿੰਘ ਮਾਨ ਨੇ ਹਰਿਮੰਦਰ ਸਾਹਿਬ ਉੱਤੇ ਫੌਜੀ ਹਮਲੇ ਪ੍ਰਤੀ ਆਪਣਾ ਰੋਸ ਤੇ ਗੁੱਸਾ ਜ਼ਾਹਰ ਕਰਦਿਆਂ ਹੋਇਆ ਆਪਣੀ ਉਚੀ ਸਰਕਾਰੀ ਨੌਕਰੀ ਨੂੰ ਲੱਤ ਮਾਰ ਦਿੱਤੀ ਅਤੇ ਐਸ਼ ਆਰਾਮ ਵਾਲੀ ਜ਼ਿੰਦਗੀ ਦਾ ਮੋਹ ਤਿਆਗ ਕੇ 'ਕੰਡਿਆਲੇ ਰਾਹਾਂ' ਉਤੇ ਚੱਲਣ ਦਾ ਦਲੇਰੀ ਭਰਿਆ ਫੈਸਲਾ ਕਰ ਲਿਆ। ਉਸ ਤੋਂ ਬਾਅਦ ਉਹਨਾਂ ਨੇ ਚਾਰ ਸਾਲ ਦੁਸ਼ਮਣ ਦੀ ਕੈਦ ਵਿਚ ਗੁਜ਼ਾਰੇ ਅਤੇ ਜਿਸਮਾਨੀ ਤੇ ਮਾਨਸਿਕ ਤਸੀਹੇ ਝੱਲੇ। ਇਸ ਸਾਰੇ ਸਮੇਂ ਦੌਰਾਨ ਉਹ ਕਿੰਨੇ ਕੁ ਅਡੋਲ ਰਹੇ ਅਤੇ ਕਿੰਨੇ ਕੁ ਡਾਂਵਾਡੋਲ ਹੋਏ, ਇਹ ਇਕ ਵੱਖਰਾ ਵਿਸ਼ਾ ਹੈ। ਪਰ ਰਵਾਇਤੀ ਅਕਾਲੀ ਆਗੂਆਂ ਦੀ ਖੁਦਪ੍ਰਸਤੀ ਤੇ ਮੌਕਾ ਤਾੜੂਪੁਣੇ ਤੋਂ ਮਾਯੂਸ ਤੇ ਖਫ਼ਾ ਹੋਏ ਸਿੱਖ ਜਗਤ ਨੇ ਸ: ਮਾਨ ਹੁਰਾਂ ਦੇ ਇਸ ਤਿਆਗ ਤੇ ਕੁਰਬਾਨੀ ਦੇ ਜਜ਼ਬੇ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ। ਸਿੱਖ ਪੰਥ ਦੇ ਵੱਡੇ ਹਿੱਸਿਆਂ ਨੇ ਸ: ਮਾਨ ਨਾਲ ਮਾਣ ਭਰੇ ਅੰਦਾਜ਼ ਵਿਚ ਆਪਣੀਆਂ ਭਾਵਨਾਤਮਿਕ ਸਾਂਝਾਂ ਜੋੜ ਲਈਆਂ। ਸਿਆਸੀ ਸੂਝ ਤੇ ਤਜ਼ਰਬੇ ਦੀ ਘਾਟ ਕਾਰਨ (ਜਾਂ ਆਪਣੀ ਕਿਸੇ ਆਤਮਿਕ ਕਮਜ਼ੋਰੀ ਦੀ ਵਜ੍ਹਾ ਕਰਕੇ) ਸ: ਮਾਨ ਹੁਰੀਂ ਇਥੇ ਇਕ ਵੱਡੀ ਖ਼ਤਾ ਖਾ ਬੈਠੇ। ਉਹ ਆਪਣੀ ਪੰਥ ਨਾਲ ਗੰਢੀ ਦੀ ਰਮਜ਼ ਨਾ ਜਾਣ ਸਕੇ। ਪੰਥ ਨੇ ਉਨ੍ਹਾਂ ਨੂੰ ਅਜੇ ਸਹਿਜ ਭਾਵਨਾਤਮਿਕ ਪੱਧਰ 'ਤੇ ਹੀ ਆਪਣਾ ਆਗੂ ਕਬੂਲ ਕੀਤਾ ਸੀ ਅਤੇ ਆਪਣਾ ਸੱਚਾ-ਸੁੱਚਾ ਪਿਆਰ ਤੇ ਸਤਿਕਾਰ ਉਨ੍ਹਾਂ ਦੀ ਝੋਲੀ ਵਿਚ ਉਲੱਦ ਦਿੱਤਾ ਸੀ। ਸ: ਮਾਨ ਹੁਰਾਂ ਆਪਣੀ ਲੀਡਰਸ਼ਿੱਪ ਦੀ ਯੋਗਤਾ (ਕਾਬਲੀਅਤ) ਅਮਲ ਵਿਚ ਸਿੱਧ ਕਰਨੀ ਸੀ। ਪੰਥ ਨੇ ਅਜੇ ਉਨ੍ਹਾਂ ਨੂੰ ਲੀਡਰਸ਼ਿੱਪ ਲਈ 'ਉਮੀਦਵਾਰ' ਹੀ ਚੁਣਿਆ ਸੀ। ਲੀਡਰਸ਼ਿੱਪ ਦਾ ਅਸਲੀ ਇਮਤਿਹਾਨ ਅਜੇ ਉਨ੍ਹਾਂ ਪਾਸ ਕਰਨਾ ਸੀ। ਇਹ ਪਰਖ ਸਿਆਸੀ ਸੰਘਰਸ਼ ਦੇ ਅੰਦਰ ਹੀ ਹੋਣੀ ਸੀ।

## ਸਿਆਸੀ ਕਮਜ਼ੋਰੀ

ਪਰ ਸ: ਮਾਨ, ਕਿਸੇ ਗਲਤੀ ਜਾਂ ਭੁਲੇਖੇ-ਵੱਸ, ਆਪਣੀ ਇਸ 'ਅਜ਼ਮਾਇਸ਼ੀ ਚੋਣ' (ਟਰਾਇਲ ਸਲੈਕਸ਼ਨ) ਨੂੰ ਪੰਥ ਦੀ 'ਪੱਕੀ ਮੋਹਰ' ਸਮਝ ਬੈਠੇ। ਪੰਥ ਨੇ ਜੋ ਉਨ੍ਹਾਂ ਨੂੰ ਜ਼ੁੰਮੇਵਾਰੀ ਸੌਂਪੀ ਸੀ, ਉਹ ਉਸ ਦੀ ਪਛਾਣ ਨਾ ਕਰ ਸਕੇ। ਉਹ ਇਹ ਗੱਲ ਭੁੱਲ ਗਏ ਕਿ ਸਿਆਸੀ ਸੰਘਰਸ਼ ਬਿਆਨਾਂ (ਉਹ ਕਿੰਨੇ ਵੀ ਭੜਾਕੇਦਾਰ ਕਿਉਂ ਨਾ ਹੋਣ) ਨਾਲ ਨਹੀਂ ਲੜੇ ਜਾਂਦੇ

ਸਿਆਸੀ ਲੜਾਈ ਲਈ ਸਿਆਸੀ ਸੇਧ ਤੈਅ ਕਰਨੀ ਪੈਂਦੀ ਹੈ। ਦੁਸ਼ਮਣ ਦੀਆਂ ਕੁਚਾਲਾਂ ਨੂੰ ਭਾਂਜ ਦੇਣ ਲਈ ਸਿਆਸੀ ਨੀਤੀਆਂ ਤੇ ਪੈਂਤੜਿਆਂ ਦੇ ਪੂਰ ਘੜਨੇ ਪੈਂਦੇ ਹਨ। ਦੁਸ਼ਮਣ ਦੇ ਹਰ ਸਿਆਸੀ ਹਮਲੇ ਦਾ ਮੂੰਹ ਭੰਨਣ ਲਈ ਮੋੜਵੇਂ ਸਿਆਸੀ ਵਾਰ ਵਿਉਂਤਣੇ ਪੈਂਦੇ ਹਨ। ਫੌਜੀ ਖੇਤਰ ਵਾਂਗ (ਸਗੋਂ ਉਸ ਨਾਲੋਂ ਵੀ ਕਿਤੇ ਵੱਧ) ਸਿਆਸੀ ਖੇਤਰ ਅੰਦਰ ਲੜਾਈ ਦੀ ਪੂਰੀ-ਸੂਰੀ ਰਣਨੀਤੀ ਤੇ ਰੂਪ-ਰੇਖਾ ਘੜਨੀ ਪੈਂਦੀ ਹੈ। ਸੰਘਰਸ਼ ਦੀ ਸਮੁੱਚੀ ਆਗੂ ਟੀਮ ਨੂੰ ਇਸ ਰਣ-ਨੀਤੀ ਨਾਲ ਕਾਇਲ ਤੇ ਲੈਸ ਕਰਨਾ ਪੈਂਦਾ ਹੈ। ਆਪਣੀ ਸਮੁੱਚੀ ਜਥੇਬੰਦੀ ਨੂੰ ਇਸ ਸਿਆਸੀ ਸੇਧ ਅਨੁਸਾਰ ਢਾਲਣਾ ਪੈਂਦਾ ਹੈ, ਅਤੇ ਅਜਿਹਾ ਕਰਨ ਤੋਂ ਇਨਕਾਰੀ ਸਖ਼ਸ਼ਾਂ ਨੂੰ ਸੰਘਰਸ਼ ਦੀ ਤਲਵਾਰ ਨਾਲ ਛਾਂਗ ਕੇ ਪਾਸੇ ਸੁੱਟਣਾ ਪੈਂਦਾ ਹੈ। ਲੋਕਾਂ ਨੂੰ ਸੰਘਰਸ਼ ਦੀ ਅਸਲ ਜਿੰਦ ਜਾਨ ਬਨਾਉਣ ਲਈ ਉਹਨਾਂ ਨੂੰ ਆਪਣੀ ਸਮੁਚਾ ਸਿਆਸਤ ਤੇ ਨੀਤੀਆਂ ਤੋਂ ਜਾਣੂ ਕਰਵਾਉਣਾ ਪੈਂਦਾ ਹੈ ਅਤੇ ਆਪਣੀ "ਹਉਮੈਂ" ਨੂੰ ਸਮੂਹਕ ਰਜ਼ਾ ਦੀ ਨਕੇਲ ਪਾ ਕੇ ਚੱਲਣਾ ਪੈਂਦਾ ਹੈ। ਸਿਆਸੀ ਲੜਾਈਆਂ ਸਿਰਫ ਇਉਂ ਹੀ ਵਿਉਂਤੀਆਂ ਤੇ ਲੜੀਆਂ ਜਾ ਸਕਦੀਆਂਹਨ।

ਪਰ ਅਫਸੋਸ ! ਕਿ ਸ: ਮਾਨ ਹੁਰਾਂ ਅਜਿਹਾ ਕੁਝ ਵੀ ਨਹੀਂ ਕੀਤਾ। ਆਪਣੀਆਂ ਜ਼ੁੰਮੇਵਾਰੀਆਂ ਪ੍ਰਤੀ ਉਨ੍ਹਾਂ ਉਹ ਸੰਜੀਦਾ ਪਹੁੰਚ ਨਹੀਂ ਅਪਣਾਈ ਜਿਸ ਦੀ ਕਿ ਭਾਰੀ ਲੋੜ ਸੀ। ਉਹਨਾਂ ਸਾਹਮਣੇ ਫੌਰੀ ਨੇਪਰੇ ਚਾੜ੍ਹਨ ਵਾਲੇ ਦੋ ਕਾਰਜ ਬਣਦੇ ਸਨ। ਇੱਕ, ਸੰਘਰਸ਼ ਨੂੰ ਅੱਗੇ ਲਿਜਾਣ ਲਈ ਇੱਕ ਪੂਰੀ-ਭਰਵੀਂ ਸਿਆਸੀ ਰਣਨੀਤੀ ਤੈਅ ਕਰਨੀ ਅਤੇ ਆਪਣੇ ਹਰ ਨਾਹਰੇ, ਅਮਲ ਤੇ ਕਾਰਵਾਈ ਨੂੰ ਇਸ ਰਣਨੀਤੀ ਦੇ ਅਨੁਸਾਰੀ ਰੱਖਣਾ। ਦੂਜਾ, ਆਪਣੀ ਜਥੇਬੰਦੀ ਨੂੰ ਇਸ ਸਿਆਸੀ ਸੇਧ ਅਨੁਸਾਰ ਢਾਲਣਾ।

ਹਕੀਕਤ ਗਵਾਹ ਹੈ ਕਿ ਸ: ਮਾਨ ਇਹ ਦੋਵੇਂ ਹੀ ਕਾਰਜ ਨੇਪਰੇ ਚਾੜ੍ਹਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੇ ਹਨ। ਉਹਨਾਂ ਨੇ ਕੇਂਦਰੀ ਹਾਕਮਾਂ ਵਿਰੁੱਧ ਲੜਾਈ ਦੀਆਂ ਗੱਲਾਂ ਤਾਂ ਬਹੁਤ ਕੀਤੀਆਂ ਹਨ (ਅਤੇ ਕੀਤੀਆਂ ਵੀ ਚੱਕਵੀਂ ਸੁਰ ਵਿਚ ਹਨ)। ਪਰ ਉਹਨਾਂ ਸੰਘਰਸ਼ ਲਈ ਨਾ ਕੋਈ ਠੋਸ ਪ੍ਰੋਗ੍ਰਾਮ ਉਲੀਕਿਆ, ਨਾ ਨਿਖਰਵੀਂਆਂ ਨੀਤੀਆਂ ਘੜੀਆਂ, ਅਤੇ ਨਾਂ ਨਿਤਰਵੀਂ ਪਹੁੰਚ ਅਪਣਾਈ। ਸਿੱਟੇ ਵਜੋਂ, ਇੱਕਾ-ਦੁੱਕਾ ਆਪ ਮੁਹਾਰੀਆਂ ਅਤੇ ਬੇਵਿਉਂਤੀਆਂ ਜਨਤਕ ਕਾਰ-ਵਾਈਆਂ ਤੋਂ ਇਲਾਵਾ, ਉਹ ਵਿਉਂਤਬੱਧ ਢੰਗ ਨਾਲ ਇਕ ਵੀ ਸੰਘਰਸ਼ ਨਹੀਂ ਵਿੱਢ ਸਕੇ (ਜਿੱਤਣਾ ਤਾਂ ਦੂਰ ਦੀ ਗੱਲ !) ਉਹ ਕੇਂਦਰ ਵਿਰੁੱਧ ਲੜਨ ਦਾ ਜ਼ਜ਼ਬਾ ਤੇ ਇਰਾਦਾ ਤਾਂ ਜ਼ਰੂਰ ਵਾਰ-ਵਾਰ ਪ੍ਰਗਟਾਉਂਦੇ ਰਹੇ ਹਨ। ਪਰ ਲੜਨਾ ਕਿਸ ਵਿਧ ਹੈ ? ਇਹ ਸ਼ਾਇਦ ਉਨ੍ਹਾਂ ਨੂੰ ਖੁੱਦ ਨੂੰ ਵੀ ਪਤਾ ਨਹੀਂ।

## ਸਿਆਸੀ ਕਲਾਬਾਜ਼ੀਆਂ

ਸਿਆਸੀ ਤਾਕਤਾਂ ਵੱਲੋਂ ਬਦਲਵੀਆਂ ਸਿਆਸੀ ਹਾਲਤਾਂ ਅਨੁਸਾਰ ਆਪਣੇ ਨੀਤੀ-ਪੈਂਤੜਿਆਂ ਵਿਚ ਲੋੜ ਅਨੁਸਾਰ ਬਦਲ-ਫੇਰ ਕਰ ਲੈਣਾ ਗੈਰ-ਸੁਭਾਵਕ ਨਹੀ। ਸਗੋਂ ਜਰੂਰੀ ਹੈ ; ਪਰ ਇੱਕ ਤਾਂ ਨੀਤੀ-ਪੈਂਤੜੇ 'ਚ ਲਿਆਂਦੀ ਹਰ ਤਬਦੀਲੀ ਦਾ ਕੋਈ ਮੰਤਕ (logic) ਜਰੂਰ ਹੋਣਾ ਚਾਹੀਦਾ ਹੈ। ਦੂਜਾ, ਸਿਆਸਤ ਅੰਦਰ ਗੰਭੀਰ ਤੇ ਜ਼ੁੰਮੇਵਾਰ ਰਵਈਆ ਇਹ ਮੰਗ ਕਰਦਾ ਹੈ ਕਿ ਨੀਤੀ-ਪੈਂਤੜੇ ਅੰਦਰ ਕੀਤੀ ਕਿਸੇ ਵੀ ਤਬਦੀਲੀ ਦੀ ਜਚਣਹਾਰ ਵਿਆਖਿਆ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ। ਸਿਮਰਨਜੀਤ ਸਿੰਘ ਮਾਨ ਦਾ ਸਿਆਸੀ ਕਿਰਦਾਰ-ਵਿਹਾਰ ਇਨ੍ਹਾਂ ਦੋਨੋਂ ਪੱਖਾਂ ਤੋਂ ਹੀ ਤਸੱਲੀਬਖ਼ਸ਼ ਨਹੀਂ। ਨੀਤੀ-ਪੈਂਤੜਿਆਂ ਦੇ ਸਬੰਧ 'ਚ ਉਹ ਅਕਸਰ ਕਲਾਬਾਜ਼ੀਆਂ ਲਾਉਂਦੇ ਰਹਿੰਦੇ ਹਨ, ਅਤੇ ਅਜਿਹਾ ਕਰਨ ਮੌਕੇ ਕੋਈ ਵੀ ਜਚਣਹਾਰ ਵਿਆਖਿਆ ਦੇਣ ਦੀ ਲੋੜ ਮਹਿਸੂਸ ਨਹੀਂ ਕਰਦੇ। ਇਸ ਦੀ ਵੱਡੀ ਵਜ਼ਾ ਵੀ ਉਨ੍ਹਾਂ ਪੱਲੇ ਕੋਈ ਨਿਸ਼ਚਤ ਸਿਆਸੀ ਸੇਧ ਤੇ ਰਣਨੀਤੀ ਦਾ ਨਾ ਹੋਣਾ ਹੈ। ਘਟਨਾਵਾਂ ਪ੍ਰਤੀ ਉਹਨਾਂ ਦਾ ਪ੍ਰਤੀਕਰਮ ਇਕ ਸੁਲਝੇ ਹੋਏ ਸਿਆਸੀ ਚਿੰਤਕ ਵਾਲਾ ਨਹੀਂ, ਸਗੋਂ ਅਕਸਰ ਹੀ ਬੇਮੁਹਾਰਾ ਹੁੰਦਾ ਹੈ। ਉਨ੍ਹਾਂ ਉਤੇ ਇਕ ਮੌਕੇ ਹੋਰ ਤਰੰਗ ਸਵਾਰ ਹੁੰਦੀ ਹੈ ਅਤੇ ਦੂਜੇ ਮੌਕੇ ਕੋਈ ਹੋਰ। ਮਿਸਾਲ ਵਜੋਂ ਪਿਛਲੇ ਸਾਲ ਉਨ੍ਹਾਂ ਨੇ ਬੜੀ ਹੀ ਠੋਕ ਵਜਾ ਕੇ ਇਹ ਪੋਜ਼ੀਸ਼ਨ ਲਈ ਸੀ ਕਿ ਉਹ ਮੌਜੂਦਾ ਭਾਰਤੀ ਸੰਵਿਧਾਨ ਹੇਠ ਕਿਸੇ ਵੀ ਚੋਣ ਵਿਚ ਹਿੱਸਾ ਨਹੀਂ ਲੈਣਗੇ ਅਤੇ ਸਿਰਫ ਯੂ. ਐਨ. ਓ. ਦੀ ਨਿਗਰਾਨੀ ਹੇਠ ਹੋਣ ਵਾਲੀ ਚੋਣ ਨੂੰ ਹੀ ਮਾਨਤਾ ਦੇਣਗੇ। ਪਰ ਪੰਜਾਬ ਅੰਦਰ ਚੋਣਾਂ ਦਾ ਐਲਾਨ ਹੁੰਦਿਆਂ ਹੀ ਉਨ੍ਹਾਂ ਆਪਣੀ ਪੋਜੀਸ਼ਨ ਖੜ੍ਹੇ ਪੈਰ ਬਦਲ ਲਈ। ਅਜਿਹਾ ਕਰਨ ਮੌਕੇ ਉਹ ਕੋਈ ਵੀ ਤਸੱਲੀਬਖਸ਼ ਵਿਆਖਿਆ ਨਹੀਂ ਦੇ ਸਕੇ। ਕਾਰਨ ਇਹ ਕਿ ਉਨ੍ਹਾਂ ਨੇ ਪਹਿਲੀ ਪੋਜ਼ੀਸ਼ਨ ਕਿਸੇ ਤਰਕ-ਸੰਗਤ ਸੋਚ ਦੇ ਆਧਾਰ 'ਤੇ ਨਹੀਂ ਸੀ ਲਈ, ਸਗੋਂ ਕੇਂਦਰ ਵੱਲੋਂ ਜ਼ਲੀਲ ਕੀਤੇ ਜਾਣ ਉਤੇ ਗੁੱਸੇ ਭਰੇ ਪ੍ਰਤੀਕਰਮ ਵਜੋਂ ਲਈ ਸੀ ਅਤੇ ਜਿਉਂ ਹੀ ਚੋਣਾਂ ਲੜਨ ਦਾ ਮੌਕੇ ਸਾਹਮਣੇ ਆਇਆ ਤਾਂ ਉਹਨਾਂ ਦੀ ਵਕਤੀ ਰੋਸ 'ਚੋਂ ਉਪਜੀ 'ਚੋਣ ਬਾਈਕਾਟ' ਦੀ ਪੋਜੀਸ਼ਨ ਵਜ਼ਾਰਤੀ ਕੁਰਸੀਆਂ ਦੀ ਲਲਚਾਵੀਂ ਧੂਹ ਸਾਹਮਣੇ ਰੇਤੇ ਦੀ ਬੁਰਜੀ ਵਾਂਗ ਢਹਿ ਗਈ। ਨਾਂ ਉਹ ਇਹ

ਦੱਸ ਸਕੇ ਕਿ ਉਹਨਾਂ ਨੇ 'ਚੋਣ ਬਾਈਕਾਟ' ਦੀ ਪੋਜ਼ੀਸ਼ਨ ਕਿਸ ਸਿਆਸੀ ਰਣਨੀਤੀ ਅਧੀਨ ਲਈ ਸੀ ਅਤੇ ਨਾ ਇਹ ਜਚਾ ਸਕੇ ਕਿ ਇਹ ਪੋਜ਼ੀਸ਼ਨ ਬਦਲੀ ਕਿਹੜੀ ਸਿਆਸੀ ਰਣਨੀਤੀ ਅਧੀਨ ਗਈ ਹੈ। ਨਿਸ਼ਚਤ ਸਿਆਸੀ ਸੇਧ ਤੇ ਰਣਨੀਤੀ ਦੀ ਅਣਹੋਂਦ ਸ: ਮਾਨ ਹੁਰਾਂ ਕੋਲੋਂ ਅਕਸਰ ਹੀ ਅਜਿਹੇ 'ਕਰਤੱਵ' ਕਰਾਉਂਦੀ ਰਹਿੰਦੀ ਹੈ। ਇਸ ਨਾਲ ਉਨ੍ਹਾਂ ਦੇ ਸਿਆਸੀ ਅਕਸ ਨੂੰ, ਬਿਨਾਂ ਸ਼ੱਕ, ਵੱਡਾ ਭਾਰੀ ਹਰਜਾ ਪਹੁੰਚਿਆ ਹੈ ਅਤੇ ਪਹੁੰਚ ਰਿਹਾ ਹੈ।

## ਅਕਾਲੀ ਏਕਤਾ-ਮਾਨ ਸਟਾਈਲ

ਅੱਡ-ਅੱਡ ਅਕਾਲੀ ਧੜਿਆਂ ਦਰਮਿਆਨ ਏਕਤਾ ਕਰਨ ਅਤੇ ਤੋੜਨ ਮੌਕੇ ਵੀ ਸ: ਮਾਨ ਦੀ ਗਲਤ ਸਿਆਸੀ ਪਹੁੰਚ (ਜਿਸ ਨੂੰ ਗੈਰ-ਸਿਆਸੀ ਜਾਂ apolitical ਕਹਿਣਾ ਵਧੇਰੇ ਦਰੁਸਤ ਹੋਵੇਗਾ) ਸਿੱਖ ਜਗਤ ਅੰਦਰ ਵੱਡਾ ਰੌਲ-ਘਚੋਲਾ ਖੜ੍ਹਾ ਕਰਨ ਲਈ ਜੁੰਮੇਵਾਰ ਬਣੀ ਹੈ। ਸਿਆਸਤ ਦਾ ਓ ਅ ਜਾਨਣ ਵਾਲਾ ਵਿਅਕਤੀ ਵੀ ਇਹ ਗੱਲ ਜਾਣਦਾ ਸੀ ਕਿ ਰਵਾਇਤੀ ਅਕਾਲੀ ਆਗੂਆਂ ਨੇ ਮਾਨ ਦਲ ਨਾਲ ਏਕਤਾ ਸੱਚੇ ਮਨੋਂ ਨਹੀਂ ਸੀ ਕੀਤੀ, ਸਗੋਂ ਉਤਲੇ ਮਨੋਂ ਅਤੇ ਮਜਬੂਰੀ ਹੇਠ ਕੀਤੀ ਸੀ। ਲੋਕਾਂ ਅੰਦਰ ਬੁਰੀ ਤਰ੍ਹਾਂ ਬਦੂ ਹੋ ਜਾਣ ਤੋਂ ਬਾਅਦ ਮਾਨ ਦਲ ਦਾ ਛਤਰ ਓਟਣਾ ਉਹਨਾਂ ਦੀ ਅਣਸਰਦੀ ਲੋੜ ਤੇ ਮਜ਼ਬੂਰੀ ਬਣ ਗਈ ਸੀ। ਅਜਿਹੇ ਮੌਕਾਪ੍ਰਸਤ ਅਨਸਰਾਂ ਨੂੰ ਸੁਧਾਰਨ ਅਤੇ ਛਾਂਗਣ ਦਾ ਦਰੁਸਤ ਰਾਹ ਇਹ ਬਣਦਾ ਸੀ ਕਿ ਅਕਾਲੀ ਦਲ ਨੂੰ ਕੇਂਦਰੀ ਹਾਕਮਾਂ ਵਿਰੁੱਧ ਸਿਆਸੀ ਸੰਘਰਸ਼ ਦੇ ਮੈਦਾਨ ਅੰਦਰ ਉਤਾਰਿਆ ਜਾਂਦਾ। ਸੰਘਰਸ਼ ਦੀ ਕੁਠਾਲੀ 'ਚ ਹੀ ਖੋਟੇ ਤੇ ਖਰੇ ਦੀ ਪਛਾਣ ਹੋਣੀ ਸੀ। ਸੰਘਰਸ਼ ਦੇ ਤਾਅ ਨੇ ਹੀ ਖੁਦ-ਪ੍ਰਸਤ ਤੇ ਮੌਕਾਤਾੜੂ ਅਨਸਰਾਂ ਦੇ ਅਸਲੀ ਚਿਹਰੇ ਬੇਨਕਾਬ ਕਰਨੇ ਸਨ। ਅਤੇ ਸੰਘਰਸ਼ ਨੇ ਹੀ ਅਕਾਲੀ ਦਲ ਨੂੰ ਅਜਿਹੀ ਪਾਣ ਚਾੜ੍ਹਨੀ ਸੀ ਕਿ ਇਸ ਅੰਦਰ 'ਟਿਕਟ-ਧਾਰੀਆਂ' ਦੀ ਬਜਾਇ ਨਿਸ਼ਕਾਮ ਅਜ਼ਾਦੀ ਘੁਲਾਟੀਆਂ ਦੀ ਚੌਧਰ ਸਥਾਪਤ ਹੋਣੀ ਸੀ। ਪਰ ਇਥੇ ਸ: ਮਾਨ ਹੁਰਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਰਹੀ ਕਿ ਅਕਾਲੀ ਏਕਤਾ ਨੂੰ ਪੱਕੇ ਪੈਰੀਂ ਕਰਨ ਲਈ ਉਹ ਨਾ ਕੋਈ ਸਿਆਸੀ ਪ੍ਰੋਗਰਾਮ ਦੇ ਸਕੇ ਅਤੇ ਨਾ ਸਿਆਸੀ ਸੰਘਰਸ਼ ਵਿੱਢ ਸਕੇ। 26 ਜਨਵਰੀ ਦੀ ਲੁਧਿਆਣਾ ਰੈਲੀ ਦਾ ਪ੍ਰੋਗਰਾਮ ਉਹਨਾਂ ਭੇਦ-ਭਰੇ ਢੰਗ ਨਾਲ ਵਾਪਸ ਲੈ ਲਿਆ। ਅੱਜ ਮਾਨ ਹੁਰੀ ਇਹ 'ਭੇਦ' ਜ਼ਾਹਰ ਕਰ ਰਹੇ ਹਨ ਕਿ 26 ਜਨਵਰੀ ਦੀ ਰੈਲੀ ਇਸ ਕਰ ਕੇ ਮਨਸੂਖ ਕਰਨੀ ਪਈ ਕਿਉਂਕਿ ਰਵਾਇਤੀ ਅਕਾਲੀ ਆਗੂ ਇਸ ਨਾਲ ਸਹਿਮਤ ਨਹੀਂ ਸਨ। ਪਰ ਕੀ ਸੰਘਰਸ਼ ਮੌਕਾਪ੍ਰਸਤ ਅਕਾਲੀ ਆਗੂਆਂ ਦੀ ਸਹਿਮਤੀ ਨਾਲ ਹੀ ਵਿੱਢਿਆ ਜਾਣਾ ਸੀ? ਕੀ ਮੌਕਾਪ੍ਰਸਤ ਅਨਸਰਾਂ ਨੂੰ ਬੇਨਕਾਬ ਕਰਨ ਦਾ ਇਹ ਇਕ ਸੁਨਹਿਰੀ ਮੌਕਾ ਨਹੀਂ ਸੀ?

ਸ: ਮਾਨ ਮੌਕਾਪ੍ਰਸਤ ਅਕਾਲੀ ਆਗੂਆਂ ਨੂੰ ਅਸਲੀ ਜਗ੍ਹਾ (ਸੰਘਰਸ਼ ਦੇ ਮੈਦਾਨ 'ਚ) ਲਿਆ ਕੇ ਬੇਪੜਦ ਕਰਨ 'ਚ ਨਾਕਾਮ ਰਹੇ। ਸਿੱਟਾ ਇਹ ਨਿਕਲਿਆ ਕਿ ਸਾਰਾ ਕਜੀਆ-ਕਲੇਸ਼ ਟਿਕਟਾਂ ਦੀ ਵੰਡ ਉੱਤੇ ਕੇਂਦਰਤ ਹੋ ਗਿਆ। ਜਿਸ ਨਾਲ ਕੁਦਰਤੀ ਤੌਰ 'ਤੇ ਪੰਥ ਅੰਦਰ ਸਿਆਸੀ ਰੌਲ-ਘਚੋਲਾ ਘਟਣ ਦੀ ਬਜਾਇ ਹੋਰ ਵਧ ਗਿਆ। ਮੌਕਾਪ੍ਰਸਤ ਅਕਾਲੀ ਆਗੂਆਂ ਨੂੰ ਕੇਂਦਰ ਨਾਲ ਰਲੇ ਹੋਏ ਸਾਬਤ ਕਰਨ ਦਾ ਸੁਨਹਿਰੀ ਮੌਕਾ ਹੱਥੋਂ ਖੁੰਝਾ ਕੇ ਸ: ਮਾਨ ਵਲੋਂ ਉਹਨਾਂ ਨੂੰ 'ਕੇਂਦਰ ਦੇ ਏਜੰਟ' ਕਹਿਣਾ ਨੀਵੀਂ ਪੱਧਰ ਦਾ ਚੋਣ-ਪ੍ਰਾਪੇਗੰਡਾ ਬਣ ਕੇ ਰਹਿ ਗਿਆ ਹੈ।

## ਜਥੇਬੰਦੀ ਦਾ ਖਾਸਾ :

ਕਿਸੇ ਵੀ ਜਥੇਬੰਦੀ ਦਾ ਖਾਸਾ ਉਸ ਦੀ ਸਿਆਸਤ ਉੱਤੇ ਨਿਰਭਰ ਕਰਦਾ ਹੈ। ਜੈਸੀ ਸਿਆਸਤ ਤੈਸੀ ਜਥੇ-ਬੰਦੀ। 'ਚੋਣ ਸਿਆਸਤ' ਦੇ ਆਧਾਰ 'ਤੇ ਉਸਰੀ ਜਥੇਬੰਦੀ ਦਾ ਖਾਸਾ ਜੁਝਾਰੂ ਨਹੀਂ ਹੋ ਸਕਦਾ। ਅਜਿਹੀ ਜਥੇਬੰਦੀ ਅੰਦਰ ਜੁਝਾਰੂਆਂ ਦੀ ਨਹੀਂ, 'ਟਿਕਟਧਾਰੀਆਂ' ਦੀ ਹੀ ਚੌਧਰ ਹੋਵੇਗੀ। ਜੁਝਾਰੂ ਸਿਆਸਤ ਦੇ ਆਧਾਰ 'ਤੇ ਉਸਰੀ ਅਤੇ ਘੋਲਾਂ ਦੇ ਅਮਲ ਰਾਹੀਂ ਪਰਵਾਨ ਚੜ੍ਹੀ ਜਥੇਬੰਦੀ ਹੀ ਜੁਝਾਰੂ ਖਾਸੇ ਵਾਲੀ ਹੋ ਸਕਦੀ ਹੈ। ਅਤੇ ਅਜਿਹੀ ਜੁਝਾਰੂ ਜਥੇਬੰਦੀ ਹੀ ਸਿਆਸੀ ਸੰਘਰਸ਼ਾਂ ਦੇ ਮੈਦਾਨ ਵਿਚ ਕੁੱਦਣ ਦਾ ਜੇਰਾ ਕਰ ਸਕਦੀ ਹੈ।

ਜਿਵੇਂ ਕਿ ਪਿਛੇ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਸ: ਮਾਨ ਅਜਿਹੀ ਜੁਝਾਰੂ ਜਥੇਬੰਦੀ ਸਿਰਜਣ 'ਚ ਬੁਰੀ ਤਰ੍ਹਾਂ ਨਾਕਾਮ ਨਿਬੜੇ ਹਨ। ਕਾਰਨ ਫਿਰ ਸਿਆਸੀ ਹੈ। ਕਿਉਂਕਿ ਉਹ ਕੋਈ ਦਰੁਸਤ ਸਿਆਸੀ ਪ੍ਰੋਗਰਾਮ ਤੇ ਸੇਧ ਨਿਸ਼ਚਿਤ ਨਹੀਂ ਕਰ ਸਕੇ, ਅਤੇ ਆਪਣੀ ਜਥੇਬੰਦੀ ਨੂੰ ਸੰਘਰਸ਼ ਦੀ ਅਗਨੀ-ਪ੍ਰੀਖਿਆ 'ਚੋਂ ਨਹੀਂ ਲੰਘਾ ਸਕੇ, ਇਸ ਕਰ ਕੇ ਉਹ ਆਪਣੇ ਦਲ ਦਾ ਸਿਆਸੀ ਖਾਸਾ ਤਬਦੀਲ ਨਹੀਂ ਕਰ ਸਕੇ। ਮਾਨ ਦਲ ਦੇ ਬਹੁਤੇ ਆਗੂਆਂ ਦਾ ਕਿਰਦਾਰ ਤੇ ਵਿਹਾਰ ਵੀ ਰਵਾਇਤੀ ਅਕਾਲੀ ਆਗੂਆਂ ਵਾਲਾ ਹੀ ਹੈ। ਉਹੀ ਅਹੁਦਿਆਂ ਦੀ ਭੁੱਖ ਅਤੇ ਲਾਲਚਾਨਾ ਦੌੜ। ਉਹੀ ਬੇਅਸੂਲਾਪਣ ਤੇ ਮੌਕਾਪ੍ਰਸਤੀ। ਉਹੀ ਸਤ੍ਹਾ ਦੀ ਭੁੱਖ ਅਤੇ ਮਾਇਆ ਦੀ ਹਵਸ। ਉਹੀ ਤਿਕੜਮਬਾਜ਼ੀਆਂ। ਮਾਨ ਦਲ ਅੰਦਰ ਵੀ ਮੈਦਾਨੇ-ਸੰਘਰਸ਼ ਦੇ ਘੁਲਾਟੀਆਂ ਦੀ

ਬਜਾਇ ਚੋਣ-ਮੈਦਾਨ ਦੇ ਖਿਡਾਰੀਆਂ ਦਾ ਬੋਲਬਾਲਾ ਹੈ। ਇਹ ਮਾਨ ਹੁਰਾਂ ਦੀ ਜਥੇਬੰਦੀ ਦੇ 'ਟਿਕਟਧਾਰੀ' ਖਾਸੇ ਦੀ ਬਦੌਲਤ ਹੀ ਹੈ ਕਿ ਜਦ ਸਿਮਰਨਜੀਤ ਸਿੰਘ ਮਾਨ ਨੇ ਖਾੜਕੂਆਂ ਦੇ ਦਬਾਅ (ਜਾਂ ਪ੍ਰਭਾਵ) ਹੇਠ ਆ ਕੇ 16 ਜੂਨ ਦੀ ਮੀਟਿੰਗ ਅੰਦਰ ਚੋਣਾਂ ਦਾ ਬਾਈਕਾਟ ਕਰਨ ਦੀ ਤਜਵੀਜ਼ ਪੇਸ਼ ਕੀਤੀ ਤਾਂ ਉਸ ਦੇ ਲਗਭਗ ਸਾਰੇ ਦੇ ਸਾਰੇ ਉਮੀਦਵਾਰ ਉਨ੍ਹਾਂ ਨੂੰ ਅਲੀ-ਅਲੀ ਕਰ ਕੇ ਪੈ ਗਏ। ਜਿਹੜੇ ਵਿਅਕਤੀ ਮਾਨ ਦਲ ਨਾਲ ਜੁੜੇ ਹੀ ਲਾਹਾ ਲੈਣ ਦੀ ਲਾਲਸਾ ਨਾਲ ਹਨ, ਉਹ ਸੰਘਰਸ਼ ਵੱਲ ਮੂੰਹ ਕਿਉਂ ਕਰਨਗੇ ? 26 ਜਨਵਰੀ ਦੀ ਰੈਲੀ ਮਨਸੂਖ ਕਰਨ ਦੀ ਵਜ੍ਹਾ ਵੀ ਮਹਿਜ਼ ਰਵਾਇਤੀ ਅਕਾਲੀ ਆਗੂਆਂ ਦਾ ਨਾਂਹ-ਪੱਖੀ ਵਤੀਰਾ ਹੀ ਨਹੀਂ ਬਣਿਆ। ਖੁਦ ਮਾਨ ਹੁਰਾਂ ਦੇ ਕੁੱਝ ਜੱਟੀਦਾਰ ਵੀ ਸੰਘਰਸ਼ ਦੇ ਨਾਂ ਤੋਂ ਇਉਂ ਭਜਦੇ ਹਨ ਜਿਉਂ ਤੀਰ ਤੋਂ ਕਾਂ ਭਜਦਾ ਹੈ। ਅਜੇ ਕੱਲ੍ਹ ਤੱਕ ਮਾਨ ਦਲ ਦੇ ਕਰਤਾ-ਧਰਤਾ ਬਣੇ ਰਹੇ ਕੈਪਟਨ ਚੰਨਣ ਸਿੰਘ ਸਿੱਧੂ ਦਾ ਕਿਰਦਾਰ ਭਲਾ ਰਵਾਇਤੀ ਅਕਾਲੀ ਆਗੂਆਂ ਨਾਲੋਂ ਕਿਸ ਕਦਰ ਵੱਖਰਾ ਹੈ ? ਸੰਘਰਸ਼ ਦੇ ਮੈਦਾਨ ਅੰਦਰ ਉਸ ਨੇ ਭਲਾ ਕਿਹੜੀਆਂ ਅਜਿਹੀਆਂ ਤੇਗਾਂ ਵਾਹੀਆਂ ਹਨ ਕਿ ਜਥੇਬੰਦੀ ਅੰਦਰ ਉਸ ਨੂੰ ਏਡਾ ਉੱਚਾ ਮਾਣ ਤੇ ਅਹੁਦਾ ਬਖਸ਼ੀ ਰੱਖਿਆ ਗਿਆ ? ਅਤੇ ਚੰਨਣ ਸਿੰਘ ਸਿੱਧੂ ਦੇ ਨਿਕਾਲੇ ਨਾਲ ਕੀ ਜਥੇਬੰਦੀ ਦਾ ਖਾਸਾ ਬਦਲ ਗਿਆ ਹੈ ?

ਸ: ਮਾਨ ਭਲੇ ਹੀ ਕੇਂਦਰ ਵਿਰੁੱਧ ਲੜਾਈ ਦਾ ਜਜ਼ਬਾ ਤੇ ਇਰਾਦਾ ਰੱਖਦੇ ਹੋਣ, ਪਰ ਉਨ੍ਹਾਂ ਦੀ ਮੌਜੂਦਾ ਜਥੇਬੰਦੀ ਉਨ੍ਹਾਂ ਦੀ ਇਸ ਸਿਆਸਤ ਦਾ ਵਾਹਕ ਨਹੀਂ ਬਣ ਸਕਦੀ। ਇਸ ਜਥੇਬੰਦੀ ਦੇ ਉੱਪਰਲੀ ਪੱਧਰ ਤੋਂ ਲੈ ਕੇ ਹੇਠਲੀ ਪੱਧਰ ਤੱਕ ਦੇ ਆਗੂ ਚੋਣ ਮੈਦਾਨ ਅੰਦਰ ਤਾਂ ਆਪਣੇ 'ਜੌਹਰ' ਦਿਖਾ ਸਕਦੇ ਹਨ ਪਰ ਉਹ ਕੇਂਦਰ ਵਿਰੁਧ ਕਿਸੇ ਤਿੱਖੇ ਸੰਘਰਸ਼ ਦਾ ਜੋਖਮ ਉਠਾਉਣ ਦੀ 'ਗਲਤੀ' ਨਹੀਂ ਕਰਨਗੇ।

ਇਹੀ ਵਜ੍ਹਾ ਹੈ ਕਿ ਸ: ਮਾਨ ਹੁਰਾਂ ਵਲੋਂ ਐਲਾਨੇ ਕਿੰਨੇ ਹੀ ਬੰਬਾਸਿਟਕ ਪ੍ਰੋਗਰਾਮ (ਜਿਵੇਂ 26 ਜਨਵਰੀ ਦੀ ਰੈਲੀ, ਨੱਬੂ ਕੇ ਬੁਰਜ ਦੀ ਘਟਨਾ ਨੂੰ ਲੈ ਅੰਦੋਲਨ ਸ਼ੁਰੂ ਕਰਨ ਦੀ ਧਮਕੀ, ਬਾਬਰੀ ਮਸਜਿਦ ਦੀ ਰਾਖੀ ਲਈ ਵਲੰਟੀਅਰ ਭੇਜਣ ਦੇ ਐਲਾਨ, ਵਗੈਰਾ ਵਗੈਰਾ) ਠੁੱਸ ਹੋ ਕੇ ਰਹਿ ਜਾਂਦੇ ਰਹੇ ਹਨ। ਜੇਕਰ ਸ: ਮਾਨ ਕੇਂਦਰੀ ਹਾਕਮਾਂ ਵਿਰੁੱਧ ਸ਼ਕਤੀਸ਼ਾਲੀ ਕੌਮੀ ਲਹਿਰ ਉਸਾਰਨ ਦੇ ਆਪਣੇ ਜਜ਼ਬਿਆਂ ਤੇ ਇਰਾਦਿਆਂ ਨੂੰ ਅਮਲ ਵਿਚ ਸਾਕਾਰ ਕਰਨ ਪ੍ਰਤੀ ਸੱਚਮੁੱਚ ਹੀ ਗੰਭੀਰ ਹਨ ਤਾਂ ਉਹਨਾਂ ਨੂੰ ਇਹ ਕੌੜੀ ਹਕੀਕਤ ਪ੍ਰਵਾਨ ਕਰਨੀ ਪੈਣੀ ਹੈ ਕਿ ਉਨ੍ਹਾਂ ਦੇ ਮੌਜੂਦਾ ਦਲ ਦਾ ਉਨ੍ਹਾਂ ਦੀ ਇਸ ਸੋਚ ਨਾਲ ਉਕਾ ਹੀ ਕੋਈ ਹਾਣ-ਪਰਵਾਨ ਨਹੀਂ। ਉਨ੍ਹਾਂ ਨੂੰ ਇਕ ਅਸਲੋਂ ਨਵੀਂ, ਜੁਝਾਰੂ ਜਥੇਬੰਦੀ ਸਿਰਜਣ ਦਾ ਅਮਲ ਛੋਹਣਾ ਪੈਣਾ ਹੈ। ਅਤੇ ਜਿਵੇਂ ਪਹਿਲਾਂ ਕਿਹਾ ਜਾ ਚੁੱਕਾ ਹੈ : ਜੁਝਾਰ ਜਥੇਬੰਦੀ ਜੁਝਾਰ ਸਿਆਸਤ ਦੇ ਆਧਾਰ 'ਤੇ ਹੀ ਸਿਰਜੀ ਜਾ ਸਕਦੀ ਹੈ। ਸ: ਮਾਨ ਹੁਰਾਂ ਅਜੇ ਤੱਕ ਆਪਣੀ ਜੁਝਾਰ ਸਿਆਸਤ ਦਾ ਸਰੂਪ ਨਹੀਂ ਘੜਿਆ। ਉਨ੍ਹਾਂ ਦੇ ਸੰਕਟ ਦੀ ਮੂਲ ਵਜ੍ਹਾ ਇਹੀ ਹੈ। ਅਤੇ ਜਿੰਨਾ ਚਿਰ ਉਹ ਆਪਣੀ ਇਹ ਕਮਜ਼ੋਰੀ ਦੂਰ ਨਹੀਂ ਕਰਦੇ ਓਨਾ ਚਿਰ ਉਹ ਸੰਕਟ ਦੀ ਪ੍ਰੇਤ-ਛਾਇਆ ਤੋਂ ਆਪਣਾ ਪਿੱਛਾ ਨਹੀਂ ਛੁੜਾ ਸਕਦੇ।

ਜਦ ਸ: ਮਾਨ ਦੁਖੀ ਲਹਿਜ਼ੇ ਨਾਲ ਇਹ ਕਹਿੰਦੇ ਹਨ ਕਿ ਉਹ, ਕੁਝ ਵੀ ਹੋਵੇ, ਕੇਂਦਰ ਦੇ ਦਲਾਲ ਤਾਂ ਨਹੀਂ ਬਣੇ — ਤਾਂ ਉਹ ਮਸਲੇ ਨੂੰ ਮਨਫ਼ੀ ਪੱਖ ਤੋਂ ਸੰਬੋਧਨ ਹੋਣ ਦੀ ਗਲਤੀ ਕਰ ਰਹੇ ਹਨ। ਮਸਲਾ ਕੇਂਦਰ ਦੇ ਦਲਾਲ ਬਣਨ ਤੋਂ ਬਚਾਅ ਕਰਨ ਦਾ ਨਹੀਂ, ਸਗੋਂ ਕੇਂਦਰ ਵਿਰੁੱਧ ਕੌਮੀ ਸੰਘਰਸ਼ ਦੇ ਮੋਹਰੀ ਬਣਨ ਦਾ ਹੈ। ਸ: ਮਾਨ ਨੂੰ ਨਾਂਹ-ਪੱਖੀ ਨਜ਼ਰੀਏ ਤੋਂ ਖਹਿੜਾ ਛੁੜਾ ਕੇ ਹਾਂ-ਪੱਖੀ ਨਜ਼ਰੀਆ ਅਪਨਾਉਣਾ ਚਾਹੀਦਾ ਹੈ ਅਤੇ ਅੱਗੇ ਵਧਣ ਦਾ ਸਿਰੜ ਤੇ ਜੇਰਾ ਵਿਖਾਉਣਾ ਚਾਹੀਦਾ ਹੈ।

## ਖਾੜਕੂ ਵੀ ਸੋਚਣ

ਖਾੜਕੂਆਂ ਨੇ ਸ: ਮਾਨ ਦੀ ਪੜਚੋਲ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਹ ਪੜਚੋਲ ਕਈ ਵਾਰ ਦੁਸ਼ਮਣਾਨਾ ਰੂਪ ਵੀ ਧਾਰਨ ਕਰਦੀ ਰਹੀ ਹੈ। ਖਾੜਕੂਆਂ ਦੇ ਕੁਝ ਹਿੱਸੇ ਸ: ਮਾਨ ਹੁਰਾਂ ਦੀ ਜਥੇਬੰਦੀ ਵਿਰੁਧ ਗੋਲੀਆਂ ਦੀ ਵਰਤੋਂ ਕਰਨ ਤੱਕ ਵੀ ਚਲੇ ਗਏ ਹਨ। ਪਰ ਇਹ ਗੱਲ ਖਾੜਕੂਆਂ ਨੂੰ ਵੀ ਪ੍ਰਵਾਨ ਕਰਨੀ ਪਏਗੀ ਕਿ ਉਨ੍ਹਾਂ ਦੀ ਪੜਚੋਲ ਜ਼ਿਆਦਾ ਕਰ ਕੇ ਨਾਂਹ-ਪੱਖੀ ਬਣ ਕੇ ਰਹਿ ਰਹੀ ਹੈ। ਸ: ਮਾਨ ਜੋ ਗਲਤ ਕਰਦੇ ਹਨ, ਖਾੜਕੂ ਉਸ ਦੀ ਪੜਚੋਲ ਦਾ ਕੋਈ ਮੌਕਾ ਹੱਥੋਂ ਨਹੀਂ ਖੁੰਝਾਉਂਦੇ। ਪਰ ਸ: ਮਾਨ ਨੂੰ ਠੀਕ ਕੀ ਕਰਨਾ ਚਾਹੀਦਾ ਹੈ, ਖਾੜਕੂਆਂ ਵੱਲੋਂ ਇਸ ਤਰ੍ਹਾਂ ਦਾ ਕੋਈ ਹਾਂ-ਪੱਖੀ ਅਤੇ ਠੋਸ ਸੁਝਾਅ ਅਜੇ ਤੱਕ ਸਾਹਮਣੇ ਨਹੀਂ ਆਇਆ। ਉਹ ਅਜੇ ਤੱਕ ਨਿਖਰਵੇਂ ਅਤੇ ਸਪੱਸ਼ਟ ਅਰਥਾਂ 'ਚ ਇਹ ਨਹੀਂ ਦੱਸ ਸਕੇ ਕਿ ਉਹ ਸ: ਮਾਨ ਕੋਲੋਂ ਕਿਹੋ ਜਿਹੇ ਸਿਆਸੀ ਰੋਲ ਦੀ ਮੰਗ ਕਰਦੇ ਹਨ। ਅਸਲ ਵਿਚ ਖਾੜਕੂ ਖੁਦ ਅਜੇ ਇਸ ਮਸਲੇ ਬਾਰੇ

(ਬਾਕੀ ਸਫਾ 19 'ਤੇ)

## ਚੜ੍ਹਦੇ ਪੰਜਾਬ ਤੋਂ ਇਕ ਦੁਆ

ਪਿਆ ਵਸਦਾ ਰਹੇ ਝਨਾਂ ਸਾਡਾ,
ਉਸ ਪਾਰ ਵਸੇ ਕੋਈ ਨਾਂ ਸਾਡਾ।

ਉਸ ਪਾਰ ਵਸੇ ਕੋਈ ਛਾਂ ਸਾਡੀ
ਉਸ ਪਾਰ ਵਸੇ ਕੋਈ ਬਾਂਹ ਸਾਡੀ
ਕੋਈ ਗਰਜ, ਕੋਈ ਚੁੱਪ-ਚਾਂ ਸਾਡੀ,
ਉਸ ਪਾਰ ਵਸੇ ਇਕ ਅਰਜ਼ ਮੇਰੀ
ਉਸ ਪਾਰ ਵਸੇ ਅਸਮਾਂ ਸਾਡਾ—
ਪਿਆ ਵਸਦਾ ਰਹੇ ਝਨਾਂ ਸਾਡਾ।

ਜੇ ਸ਼ਹੁ-ਦਰਿਆ ਨੇ ਚੁੱਪ ਹੋਏ,
ਜੇ ਡੂੰਘੇ ਪੈਂਡੇ ਘੁੱਪ ਹੋਏ,
ਜੇ ਵਾਜ ਮੇਰੀ ਦੇ ਰੁੱਖ ਮੋਏ,
ਕਦੇ ਦੇਸ ਕਦੇ ਪ੍ਰਦੇਸਾਂ ਤੋਂ
ਕੋਈ ਰੋ ਕੇ ਲਵੇਗਾ ਨਾਂ ਸਾਡਾ—
ਪਿਆ ਵਸਦਾ ਰਹੇ ਝਨਾਂ ਸਾਡਾ।

[ ਹਰਿੰਦਰ ਸਿੰਘ ਮਹਿਬੂਬ
"ਵਾਹਗੇ ਤੋਂ ਪਾਰ ਵਸਦੇ ਪੰਜਾਬ ਨੂੰ ਅਸੀਸ" ਵਿਚੋਂ ]

## ਲਹਿੰਦੇ ਪੰਜਾਬ ਤੋਂ ਇਕ ਹੁੰਗਾਰਾ

ਜਨਤਕ ਪੈਗਾਮ ਦੀ ਮਾਂ ਬੋਲੀ ਬਾਰੇ ਅੰਕ ਦੀ ਕਾਪੀ ਮਿਲੀ। ਪੜ੍ਹ ਕੇ ਆਨੰਦ ਆ ਗਿਆ। ਮਾਸਿਕ ਪੱਤਰ "ਲਹਿਰਾਂ" ਵਾਲਿਆਂ ਨੂੰ ਕਿਹਾ ਏ ਕਿ ਉਹ ਆਪ ਦੇ ਇਸ ਅੰਕ ਨੂੰ ਆਪਣੀ ਲਿਪੀ ਵਿਚ ਛਾਪਣ ਤਾਂ ਜੋ ਚੜ੍ਹਦੇ ਪੰਜਾਬ ਦੀ ਪੰਜਾਬੀ ਜ਼ੁਬਾਨ ਦੀ ਲਹਿਰ ਤੋਂ ਲਹਿੰਦੇ ਪੰਜਾਬ ਦੇ ਵਾਸੀ ਵੀ ਜਾਣੂ ਹੋ ਸਕਣ। ਸਾਥੀ ਸੋਹਨ ਸਿੰਘ ਜੋਸ਼, ਗੁਰਵੇਲ ਪੰਨੂੰ ਵਗੈਰਾ ਦੇ ਲੇਖਾਂ ਨੂੰ ਮੈਂ ਆਪ ਲਿਪੀਅੰਤਰ ਕਰਕੇ ਦੇ ਆਇਆ ਹਾਂ। ਗੁਰਵੇਲ ਵੀਰ ਦਿਲੀ ਤੋਂ ਅਜਿਹੀ ਜ਼ਬਾਨ ਵਿਚ ਪਰਚਾ "ਸੇਧ" ਕੱਢਦੇ ਸਨ ਪਰ ਉਹ ਬੰਦ ਹੋ ਗਿਆ। ਅਫਸੋਸ ਹੋਇਆ। ਗੁਰਭਗਤ ਸਿੰਘ ਜੀ ਦਾ ਲੇਖ ਸੰਸਕ੍ਰਿਤ ਸ਼ਬਦਾਵਲੀ ਨਾਲ ਭਰਪੂਰ ਏ। ਤੁਹਾਡੇ ਪੰਜਾਬ ਵਿਚ ਇਹ ਲਫ਼ਾਜ਼ੀ ਪ੍ਰਚਲਿਤ ਹੋ ਗਈ ਏ ਪਰ ਰੱਬ ਦੀ ਮਿਹਰ ਨਾਲ ਸਾਡੇ ਅਜਿਹਾ ਨਹੀਂ ਹੋਇਆ। ਇਹੀ ਵਜ੍ਹਾ ਏ ਕਿ ਡਾ: ਅਤਰ ਸਿੰਘ ਵਰਗਿਆਂ ਲਿਖਣਾ ਸ਼ੁਰੂ ਕਰ ਦਿੱਤਾ ਸੀ ਕਿ ਭਾਰਤੀ ਪੰਜਾਬ ਤੇ ਪਾਕਿਸਤਾਨੀ ਪੰਜਾਬ ਦੀ ਪੰਜਾਬੀ ਵੱਖਰੀ-ਵੱਖਰੀ ਹੋ ਗਈ ਏ ਜਿਸ ਕਰਕੇ ਅਫਸੋਸ ਹੁੰਦਾ ਸੀ। ਹਾਲਾਂਕਿ ਜ਼ਬਾਨ ਲੋਕ ਬਣਾਉਂਦੇ ਨੇ, ਦਾਨਸ਼ਮੰਦ ਤੇ ਪ੍ਰੋਫੈ-ਸਰ ਨਹੀਂ। ਦਿਲੀ ਦੇ ਪ੍ਰੋ: ਕਿਸ਼ਨ ਸਿੰਘ ਤੇ ਪੰਨੂੰ ਹੋਰਾਂ ਦੀ ਕੋਸ਼ਿਸ਼ ਵੇਖ ਕੇ ਕੁਝ ਤਸੱਲੀ ਵੀ ਹੁੰਦੀ ਸੀ ਕਿ ਇਹ ਲੋਕ ਜ਼ਬਾਨ ਦੀ ਸਾਦਗੀ ਕਾਇਮ ਰੱਖਣ ਦੇ ਯਤਨ ਕਰ ਰਹੇ ਨੇ। ਮੈਂ ਸਤੰਬਰ 1978 ਵਿਚ ਦਿੱਲੀ ਯੂਨੀਵਰਸਿਟੀ ਵਿਚ ਪੜ੍ਹਨ ਹਾਰਾਂ ਨਾਲ ਗੱਲਬਾਤ ਕਰਦਿਆਂ ਅਰਜ਼ ਕੀਤੀ ਸੀ ਕਿ ਪੰਜਾਬੀ ਦਾ ਘਰ ਜੰਡਿਆਲਾ ਸ਼ੇਰ ਖਾਂ ਤੇ ਨਨਕਾਣਾ ਸਾਹਿਬ ਏ, ਇਸ ਨੂੰ ਬਨਾਰਸ ਵਿਚ ਲੈ ਜਾਓਗੇ ਤਾਂ ਪੰਜਾਬੀ ਦਮ ਘੁੱਟਣ ਨਾਲ ਮਰ ਜਾਵੇਗੀ। ਇਹ ਜ਼ਿਆਦਤੀ ਨਾ ਕਰੋ। ਟੁੱਟੀਆਂ ਬਾਹਾਂ ਗਲ ਨੂੰ ਹੀ ਆਉਂਦੀਆਂ ਨੇ। ਜ਼ਬਾਨ ਦੀ ਸਰਲਤਾ ਦਾ ਝਟਕਾ ਨਾ ਕਰੋ। ਪਰ ਉਸ ਵੇਲੇ ਡਾ: ਹਰਭਜਨ ਸਿੰਘ ਹੋਰਾਂ ਨੂੰ ਮੇਰੀ ਗੱਲ ਸਮਝ ਨਹੀਂ ਆਈ ਸੀ ਤੇ ਜੇ ਹੁਣ ਹੀ ਸਮਝ ਜਾਵਣ ਤਾਂ ਉਹਨਾਂ ਨੂੰ ਭੁੱਲਿਆ ਨਹੀਂ ਕਹਿਣਾ ਚਾਹੀਦਾ।

**ਸਿਬਤੁਲ ਹਸਨ ਜ਼ੈਗ਼ਮ**
**ਮੁਲਤਾਨ ਰੋਡ, ਲਾਹੌਰ (ਪਾਕਿਸਤਾਨ)**

**ਨੋਟ :** (ਸਿਬਤੁਲ ਹੁਸੈਨ ਜ਼ੈਗ਼ਮ ਪੱਛਮੀ ਪੰਜਾਬ ਦੇ ਇਕ ਨਾਮੀ ਸਾਹਿਤਕਾਰ ਹਨ)

## ਨਵੰਬਰ '84 ਦੇ ਸਿੱਖ ਕਤਲੇਆਮ ਸਮੇਂ ਗ੍ਰਹਿ ਮੰਤਰੀ ਰਹਿ ਚੁਕੇ

# ਨਰਸਿਮਹਾ ਰਾਓ ਦੀ ਸਿੱਖ ਦੁਸ਼ਮਣੀ ਦਾ ਇਤਿਹਾਸ

**[ਵੱਖ ਵੱਖ ਅਖਬਾਰਾਂ ਅਤੇ ਰਸਾਲੇ ਨਵੇਂ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੀ ਸਖਸ਼ੀਅਤ ਦੇ ਵੱਖ ਵੱਖ ਪੱਖਾਂ ਬਾਰੇ ਆਪੋ ਆਪਣੀ ਸਮਝ ਨੂੰ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਨ। ਪਰ ਇਕ ਪੱਖ ਹਰ ਕੋਈ ਛੱਡ ਰਿਹਾ ਹੈ। ਇਹ ਪੱਖ ਹੈ ਉਸਦੀ ਪੰਜਾਬ ਅਤੇ ਸਿੱਖਾਂ ਬਾਰੇ ਪਹੁੰਚ। ਨਰਸਿਮਹਾ ਰਾਓ ਲੱਗਭੱਗ ਨੌਂ ਸਾਲਾਂ ਤੋਂ ਪੰਜਾਬ ਅਤੇ ਸਿੱਖਾਂ ਦੇ ਮਾਮਲਿਆਂ ਨਾਲ ਬਹੁਤ ਹੀ ਨੇੜਿਓ ਜੁੜਿਆ ਰਿਹਾ ਹੈ। ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਸ਼ੁਰੂ ਕੀਤੇ ਗਏ ਅੰਦੋਲਨ ਨਾਲ ਨਜਿੱਠਣ ਲਈ, ਇੰਦਰਾ ਗਾਂਧੀ ਵੱਲੋਂ ਬਣਾਈ ਗਈ ਤੇ ਮੈਂਬਰੀ ਸਬ-ਕਮੇਟੀ ਦਾ ਅਹਿਮ ਮੈਂਬਰ ਸੀ। ਦੂਸਰੇ ਦੋ ਮੈਂਬਰ ਮੌਜੂਦਾ ਰਾਸ਼ਟਰਪਤੀ ਵੈਂਕਟਰਮਨ ਅਤੇ ਸਾਬਕਾ ਗ੍ਰਹਿ ਮੰਤਰੀ ਪੀ. ਸੀ. ਸੇਠੀ ਸਨ। ਜੂਨ 1984 ਤੋਂ ਪਹਿਲਾਂ ਅਕਾਲੀਆਂ ਅਤੇ ਕਾਂਗਰਸੀ ਸਰਕਾਰ ਦਰਮਿਆਨ ਹੋਈਆਂ 9 ਮੀਟਿੰਗਾਂ ਵਿਚੋਂ ਪਿਛਲੀਆਂ ਛੇਆਂ ਵਿਚ ਉਹ ਸਰਕਾਰ ਦੇ ਪੱਖੋਂ ਸਿਧਾ ਆਪ ਸ਼ਾਮਲ ਹੁੰਦਾ ਰਿਹਾ ਹੈ। ਇਹਨਾਂ ਮੀਟਿੰਗਾਂ ਦੇ ਸਿੱਟੇ ਨਰਸਿਮਾਹ ਰਾਓ ਦੀ ਮਰਜ਼ੀ ਮੁਤਾਬਕ ਨਾ ਨਿਕਲਣ ਦੇ ਪਿਛੋਂ ਹੀ ਇੰਦਰਾ ਸਰਕਾਰ ਨੇ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਬੋਲ ਦਿਤਾ ਸੀ। ਅਸੀਂ, ਨਵੰਬਰ 84 ਵਿਚ, ਦਿੱਲੀ ਵਿਖੇ ਹੋਏ ਸਿੱਖਾਂ ਦੇ ਕਤਲੇਆਮ ਬਾਰੇ ਇਕ ਦਸਤਾਵੇਜ਼ ਦੇ ਕੁਝ ਹਿੱਸੇ ਛਾਪ ਰਹੇ ਹਾਂ ਤਾਂ ਕਿ ਪਾਠਕਾਂ ਨੂੰ ਇਸ ਕਤਲੇਆਮ ਵਿਚ ਨਰਸਿਮਹਾ ਰਾਓ ਦੇ ਰੋਲ ਬਾਰੇ ਅਤੇ ਉਸਦੀ ਸਿੱਖਾਂ ਨਾਲ ਦੁਸ਼ਮਣੀ ਬਾਰੇ ਜਾਣਕਾਰੀ ਮਿਲ ਸਕੇ। —ਸੰਪਾਦਕ]**

ਦੰਗਿਆਂ ਦੇ ਸਿਖਰ 31 ਅਕਤੂਬਰ ਤੋਂ 4 ਨਵੰਬਰ ਤੱਕ ਦੇ ਸਾਰੇ ਸਮੇਂ ਦੌਰਾਨ ਪੁਲਿਸ ਵਲੋਂ ਸਾਰੇ ਸ਼ਹਿਰ ਵਿਚ ਇਕੋ ਹੀ ਤਰ੍ਹਾਂ ਦਾ ਵਿਸ਼ਵਾਸਘਾਤੀ ਵਰਤਾਰਾ ਵਿਖਾਇਆ ਗਿਆ। ਇਸ ਵਰਤਾਰੇ ਵਿਚ ਇਹ ਗੱਲਾਂ ਸ਼ਾਮਲ ਸਨ—(1) ਘਟਨਾਵਾਂ ਦੇ ਮੌਕੇ ਤੋਂ ਬਿਲਕੁਲ ਗਾਇਬ ਹੋਣਾ, (2) ਬੇਹਰਕਤ ਤਮਾਸ਼ਬੀਨਾਂ ਦਾ ਰੋਲ, (3) ਸਿੱਖਾਂ ਵਿਰੁੱਧ ਹਿੰਸਾ ਨੂੰ ਭੜਕਾਉਣਾ ਜਾਂ ਉਸ ਵਿਚ ਸਿੱਧਾ ਹਿੱਸਾ ਲੈਣਾ...

ਬਸਤੀਆਂ ਵਿਚ ਪੁਲਸ ਨੇ ਤਮਾਸ਼ਬੀਨਾਂ ਵਾਲੇ ਰੋਲ ਤੋਂ ਅੱਗੇ ਲੰਘ ਕੇ ਸਿੱਖਾਂ ਦੇ ਖਿਲਾਫ਼ ਹਿੰਸਾ ਵਿਚ ਖੁਦ ਹਿੱਸਾ ਲਿਆ। ਦੰਗਿਆਂ ਤੋਂ ਬਚ ਨਿਕਲੇ ਲੋਕਾਂ ਨੇ ਦਸਿਆ ਕਿ ਤਨਾਅ ਦੇ ਸ਼ੁਰੂ ਵਿਚ ਹੀ ਡਰਦੇ ਲੋਕਾਂ ਨੇ ਨੇੜੇ ਪੈਂਦੇ ਪੁਲਸ ਥਾਣਿਆਂ ਵਿਚ ਜਾ ਕੇ ਪੁਲਸ ਤੋਂ ਦਖਲ ਦੀ ਮੰਗ ਕੀਤੀ, ਪਰ ਪੁਲਸ ਨੇ ਕੋਈ ਕਾਰਵਾਈ ਨਾ ਕੀਤੀ। ਤਰਲੋਕਪੁਰੀ ਵਿਚ ਤਾਂ ਪੁਲਸ ਦੰਗਾਕਾਰੀਆਂ ਦੇ ਨਾਲ-ਨਾਲ ਚਲਦੀ ਰਹੀ ਤੇ ਆਪਣੀਆਂ ਜੀਪਾਂ ਵਿਚੋਂ ਅੱਗ ਲਾਉਣ ਵਾਸਤੇ ਡੀਜ਼ਲ ਦਿੰਦੀ ਰਹੀ। ਕਲਿਆਣਪੁਰੀ ਥਾਣੇ ਦੇ ਐਸ. ਐਚ. ਓ. ਨੇ ਉਸ ਥਾਂ ਤੋਂ ਸਾਰੇ ਸਿਪਾਹੀ ਹਟਾ ਲਏ। ਸਿੱਖ ਲੜਕੀਆਂ ਨਾਲ ਬਲਾਤਕਾਰ ਹੋ ਰਿਹਾ ਸੀ......।

ਅਜਿਹੇ ਨਾਜ਼ਕ ਸਮੇਂ ਪੁਲਿਸ ਦੇ ਰੋਲ ਦੀ ਵਿਆਖਿਆ ਕਰਦੇ ਹੋਏ ਸਰਕਾਰ ਵਿਚ ਸਭ ਤੋਂ ਉਪਰ ਬੈਠੇ ਗ੍ਰਹਿ ਵਜ਼ਾਰਤ ਦੇ ਪ੍ਰਬੰਧਕਾਂ ਦੀ ਜ਼ਿੰਮੇਵਾਰੀ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਸ੍ਰੀ ਨਰਸਿਮਹਾ ਰਾਓ ਨੂੰ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸ੍ਰੀ ਰਾਜੀਵ ਗਾਂਧੀ ਦੀ ਵਜ਼ਾਰਤ ਵਿਚ ਗ੍ਰਹਿ ਮੰਤਰੀ ਵਜੋਂ ਸ਼ਾਮਲ ਕੀਤਾ ਜਾ ਚੁੱਕਾ ਸੀ। ਉਸ ਪਾਸ ਭੜਕੇ ਹੋਏ ਦੰਗਿਆਂ ਨੂੰ ਦਬਾਉਣ ਵਾਸਤੇ ਨੀਮ ਫੌਜੀ ਦਸਤੇ ਬੁਲਾਉਣ ਦੇ ਪੂਰੇ ਅਧਿਕਾਰ ਸਨ। ਉਹ ਇਸ ਅਹੁਦੇ 'ਤੇ ਨਵੇਂ ਨਹੀਂ ਸਨ ਤੇ ਨਾ ਹੀ ਤਕਨੀਕੀ ਪੇਚੀਦਗੀਆਂ ਬਾਰੇ ਅਣਜਾਣ ਸਨ। ਸਾਡੇ ਮਨਾਂ ਵਿਚ ਇਹ ਸਵਾਲ ਵਾਰ-ਵਾਰ ਉਠਦਾ ਹੈ ਕਿ ਪਿਛਲੀ ਵਜ਼ਾਰਤ ਵਿਚ ਗ੍ਰਹਿ ਮੰਤਰੀ ਦੇ ਆਪਣੇ ਪੁਰਾਣੇ ਤਜਰਬੇ ਦੇ ਬਾਵਜੂਦ ਸ੍ਰੀ ਨਰਸਿਮਹਾ ਰਾਓ ਨੇ ਫਿਰਕੂ ਅਨਸਰਾਂ ਨੂੰ ਜਿਨ੍ਹਾਂ ਨੇ ਦੰਗੇ ਜਥੇਬੰਦ ਕੀਤੇ ਸਨ, ਸ਼ੁਰੂ ਵਿਚ ਹੀ ਦਬਾਉਣ ਲਈ ਜ਼ਰੂਰੀ ਕਦਮ ਕਿਉਂ ਨਾ ਚੁੱਕੇ ਅਤੇ ਦਿੱਲੀ ਵਿਚ ਹੀ ਮੌਜੂਦ ਫੌਜ ਨੂੰ ਕਿਉਂ ਨਾ ਬੁਲਾਇਆ?

ਹਾਕਮ ਪਾਰਟੀ ਤੇ ਰਾਜ ਪ੍ਰਬੰਧ ਦੇ ਸਭ ਤੋਂ ਉੱਚੇ ਅਹੁਦੇਦਾਰਾਂ ਨੇ, 31 ਅਕਤੂਬਰ ਤੋਂ 4 ਨਵੰਬਰ ਤੱਕ, ਲਗਾਤਾਰ ਆਪਣੇ ਫਰਜ਼ ਅਤੇ ਜ਼ਿੰਮੇਵਾਰੀ ਪ੍ਰਤੀ ਅਜੀਬੋ-ਗਰੀਬ ਲਾਪਰਵਾਹੀ ਦਿਖਾਈ। ਇਹ ਲਾਪਰਵਾਹੀ ਸੋਚ

ਸਮਝ ਕੇ ਕੀਤੀ ਗਈ ਲਗਦੀ ਹੈ......ਇਕ ਨਵੰਬਰ ਨੂੰ ਜਦੋਂ ਦਿੱਲੀ ਵਿਚ ਚਾਰ-ਚੁਫੇਰੇ ਅੱਗਾਂ ਲੱਗੀਆਂ ਪਈਆਂ ਸਨ ਤਾਂ ਵਿਰੋਧੀ ਧਿਰ ਦੇ ਇਕ ਪਾਰਲੀਮੈਂਟ ਮੈਂਬਰ ਨੇ ਗ੍ਰਹਿ ਮੰਤਰੀ ਨਰਸਿਮਹਾ ਰਾਓ ਨੂੰ ਟੈਲੀਫੂਨ ਕਰਕੇ ਸ਼ਹਿਰ ਦੀ ਹਾਲਤ ਬਾਰੇ ਦੱਸਿਆ ਅਤੇ ਫੌਜ ਬੁਲਾਉਣ ਲਈ ਕਿਹਾ। ਮੰਤਰੀ ਨੇ ਭਰੋਸਾ ਦੁਆਇਆ ਕਿ ਫੌਜ ਬੁਲਾਈ ਹੀ ਜਾਣ ਵਾਲੀ ਹੈ ਤੇ ਕਰਫਿਊ ਲੱਗ ਰਿਹਾ ਹੈ, ਪਰ ਇਕ ਨਵੰਬਰ ਦਾ ਸਾਡਾ ਤਜਰਬਾ ਇਸ ਤੋਂ ਬਿਲਕੁਲ ਵੱਖਰਾ ਹੈ। ਕਾਫੀ ਰਾਤ, ਦੇਰ ਤੱਕ ਵੀ ਨਾ ਕਰਫਿਊ ਦਾ ਕੋਈ ਨਾਮ-ਨਿਸ਼ਾਨ ਸੀ ਤੇ ਨਾ ਹੀ ਫੌਜ ਬੁਲਾਈ ਜਾ ਰਹੀ ਸੀ। ਗੁੰਡੇ ਭੜਥੂ ਮਚਾ ਰਹੇ ਸਨ ਤੇ ਪੁਲਸ ਚੁੱਪ-ਚਾਪ ਖੜ੍ਹੀ ਤਮਾਸ਼ਾ ਦੇਖ ਰਹੀ ਸੀ। ਸ਼ਹਿਰ ਦੇ ਐਨ ਵਿਚਕਾਰ ਪੁਲਿਸ ਦੀਆਂ ਅੱਖਾਂ ਦੇ ਸਾਹਮਣੇ, ਪੁਲਿਸ ਅਤੇ ਨੀਮ-ਫੌਜੀ ਚੌਕੀਆਂ ਦੇ ਬਿਲਕੁੱਲ ਨਾਲ ਕਨਾਟ ਪਲੇਸ ਵਿਚ ਸਿੱਖਾਂ ਦੀਆਂ ਦੁਕਾਨਾਂ ਸਾੜੀਆਂ ਜਾ ਰਹੀਆਂ ਸਨ......

ਵਿਰੋਧੀ ਧਿਰ ਦੇ ਦੋ ਪਾਰਲੀਮੈਂਟ ਮੈਂਬਰਾਂ ਨੇ ਦੋ ਨਵੰਬਰ ਦੀ ਸਵੇਰ ਦੇ ਸਾਢੇ ਅੱਠ ਵਜੇ ਤੋਂ ਲਗਾਤਾਰ ਸ੍ਰੀ ਨਰਸਿਮਹਾ ਰਾਓ ਨੂੰ ਵਾਰ-ਵਾਰ ਬੇਨਤੀ ਕੀਤੀ ਕਿ ਪੰਜਾਬ ਤੋਂ ਆਉਣ ਵਾਲੀਆਂ ਗੱਡੀਆਂ ਨੂੰ ਫੌਜ ਦੀ ਹਿਫਾਜਤ ਦਿੱਤੀ ਜਾਵੇ, ਪਰ ਇਸ ਦੇ ਬਾਵਜੂਦ ਵੀ ਕੋਈ ਫੌਜ ਨਹੀਂ ਭੇਜੀ ਗਈ। ਸਿੱਖਾਂ ਨੂੰ ਗੱਡੀਆਂ ਵਿਚੋਂ ਘੜੀਸ ਕੇ ਬਾਹਰ ਕੱਢਿਆ ਗਿਆ, ਮੌਕੇ 'ਤੇ ਹੀ ਕਤਲ ਕਰਕੇ ਲਾਸ਼ਾਂ ਪਲੇਟਫਾਰਮਾਂ ਅਤੇ ਰੇਲ ਪਟੜੀਆਂ 'ਤੇ ਸੁੱਟ ਦਿੱਤੀਆਂ ਗਈਆਂ ਅਤੇ ਕਈਆਂ ਨੂੰ ਅੱਗ ਲਾ ਦਿੱਤੀ ਗਈ। ਅਖਬਾਰਾਂ ਨੇ ਖਬਰ ਦਿੱਤੀ ਕਿ 43 ਆਦਮੀ ਇਸ ਤਰ੍ਹਾਂ ਮਾਰੇ ਗਏ......

ਰਾਜ ਪ੍ਰਬੰਧ ਦੇ ਰੋਲ ਦੀ ਵਿਆਖਿਆ ਕਰਦੇ ਹੋਏ ਸਿਰਫ ਦਿੱਲੀ ਪ੍ਰਸ਼ਾਸਨ ਅਤੇ ਅਫਸਰਸ਼ਾਹੀ ਨੂੰ ਦੋਸ਼ ਦੇ ਕੇ ਹੀ ਨਹੀਂ ਸਰ ਸਕਦਾ। ਦਿੱਲੀ ਦੇ ਲੈਫਟੀਨੈਂਟ ਗਵਰਨਰ ਸ੍ਰੀ ਗਵਈ, ਜੋ ਉਸ ਸਮੇਂ ਰਾਜ ਪ੍ਰਬੰਧ ਦੇ ਇਨਚਾਰਜ ਸਨ, ਅਚੇਤ ਜਾਂ ਸੁਚੇਤ ਕੁਤਾਹੀਆਂ ਖੁਦ ਆਪਣੇ ਆਪ ਹੀ ਨਹੀਂ ਕਰ ਸਕਦੇ ਸਨ। ਗ੍ਰਹਿ ਮੰਤਰੀ ਨਰਸਿਮਹਾ ਰਾਓ ਅਤੇ ਕੇਂਦਰੀ ਮੰਡਲ 31 ਅਕਤੂਬਰ ਤੋਂ ਹੀ ਦਿੱਲੀ ਵਿਚ ਵਾਪਰ ਰਹੀਆਂ ਘਟਨਾਵਾਂ ਦੀ ਲੜੀ ਬਾਰੇ ਪੂਰੀ ਤਰ੍ਹਾਂ ਜਾਣੂ ਸੀ। ਜੋ ਗੱਲ ਸਮਝ ਨਹੀਂ ਆਉਂਦੀ ਉਹ ਇਹ ਹੈ ਕਿ ਲੈਫਟੀਨੈਂਟ ਗਵਰਨਰ ਨੂੰ ਹਰਕਤ ਵਿਚ ਆਉਣ ਦੀ ਹਦਾਇਤ ਕਿਉਂ ਨਹੀਂ ਦਿੱਤੀ ਗਈ?......

ਮਾਰ ਝੱਲੇ ਆਈਆਂ ਬਸਤੀਆਂ ਤੋਂ ਲੈ ਕੇ ਫੌਜੀ ਸੂਤਰਾਂ ਤੱਕ ਵੱਖ-ਵੱਖ ਥਾਵਾਂ ਤੋਂ ਕੀਤੀ ਪੁੱਛ-ਪੜਤਾਲ ਦੇ ਸਵਾਲ ਖੜ੍ਹੇ ਕਰਦੀ ਹੈ। ਪਹਿਲਾ, ਫੌਜ ਬੁਲਾਉਣ 'ਚ ਦੇਰੀ ਕਿਉਂ ਕੀਤੀ ਗਈ? ਦੂਜਾ, ਜਦੋਂ ਫੌਜ ਬੁਲਾਈ ਵੀ ਗਈ, ਉਹ ਕਰਫਿਊ ਲਾਉਣ ਵਿਚ ਕਿਉਂ ਅਸਮੱਰਥ ਰਹੀ ਅਤੇ ਹਿੰਸਕ ਕਾਰਵਾਈਆਂ 'ਤੇ ਕਾਬੂ ਕਿਉਂ ਨਹੀਂ ਪਾ ਸਕੀ?......

ਕਾਨੂੰਨ ਅਨੁਸਾਰ ਫੌਜ ਨੂੰ ਸੱਦਣ ਲਈ ਲੈਫਟੀਨੈਂਟ ਗਵਰਨਰ ਗ੍ਰਹਿ ਮੰਤਰੀ ਨੂੰ ਬੇਨਤੀ ਕਰਦਾ ਹੈ ਜਿਹੜਾ ਅੱਗੇ ਰੱਖਿਆ ਮੰਤਰੀ ਨੂੰ ਕਹਿੰਦਾ ਹੈ। 31 ਅਕਤੂਬਰ ਨੂੰ ਨਵੇਂ ਮੰਤਰੀ ਮੰਡਲ ਨੇ ਸਹੁੰ ਚੁੱਕ ਲਈ ਸੀ ਜਿਸ ਦੇ ਗ੍ਰਹਿ ਮੰਤਰੀ ਸਨ ਨਰਸਿਮਹਾ ਰਾਓ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਜਦੋਂ ਅਮਨ-ਕਾਨੂੰਨ ਗਰਕ ਹੋ ਰਿਹਾ ਸੀ ਤੇ ਇਕ ਨਵੰਬਰ ਤੱਕ ਸਪੱਸ਼ਟ ਹੋ ਗਿਆ ਸੀ ਕਿ ਪੁਲਿਸ ਹਾਲਤ ਤੇ ਕਾਬੂ ਨਹੀਂ ਪਾ ਰਹੀ......ਕੀ ਇਹ ਗ੍ਰਹਿ ਮੰਤਰੀ ਨਰਸਿਮਹਾ ਰਾਓ ਦੀ ਜ਼ਿੰਮੇਵਾਰੀ ਨਹੀਂ ਸੀ ਕਿ ਫੌਜ ਨੂੰ ਤਾਇਨਾਤ ਕਰੇ?......ਕੇਂਦਰੀ ਸਰਕਾਰ ਸ਼ਹਿਰੀਆਂ ਪ੍ਰਤੀ ਆਪਣੇ ਫਰਜ ਨਾ ਨਿਭਾਉਣ ਦੇ ਦੋਸ਼ ਤੋਂ ਅਤੇ ਅਮਨ-ਕਾਨੂੰਨ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਤੋਂ ਕਿਵੇਂ ਬਰੀ ਹੋ ਸਕਦੀ ਹੈ?......

ਇਕ ਫੌਜੀ ਸੂਤਰ ਨੇ ਸਾਡੀ ਟੀਮ ਦੇ ਮੈਂਬਰਾਂ ਨੂੰ ਦੱਸਿਆ ਕਿ ਫੌਜੀ ਦਸਤੇ ਅਜੀਬੋ-ਗਰੀਬ ਢੰਗ ਨਾਲ ਸੱਦੇ ਗਏ। ਸਿਵਲ ਅਧਿਕਾਰੀਆਂ ਨੇ ਉਨ੍ਹਾਂ ਨੂੰ ਕਈ ਹਿੱਸਿਆਂ 'ਚ ਸੱਦਿਆ ਅਤੇ ਹਰ ਵਾਰੀ ਫੌਜ ਉਦੋਂ ਸੱਦੀ ਗਈ ਜਦੋਂ ਫਸਾਦ ਵਾਲੇ ਇਲਾਕਿਆਂ ਵਿਚ ਘਰ ਸੜ ਕੇ ਰਾਖ ਦੀ ਢੇਰੀ ਹੋ ਜਾਂਦੇ ਅਤੇ ਕਤਲੇਆਮ ਹੋ ਚੁੱਕਿਆ ਹੁੰਦਾ। ਇਹੋ ਕਾਰਨ ਹੈ ਕਿ ਫੌਜੀ ਕਾਰਵਾਈ ਦੇ ਸਾਰੇ ਸਮੇਂ ਦੌਰਾਨ ਫੌਜ ਦੀ ਗੋਲੀ ਨਾਲ ਦੋ ਬੰਦੇ ਮਰੇ ਅਤੇ ਚਾਰ ਜ਼ਖਮੀ ਹੋਏ।

ਉਪਰੋਕਤ ਘਟਨਾਵਾਂ ਦੀ ਲੜੀ ਦੇ ਆਧਾਰ 'ਤੇ ਫੌਜ਼ ਨੂੰ ਵਰਤੋਂ 'ਚ ਲਿਆਉਣ ਦਾ ਜੋ ਸਿਲਸਿਲਾ ਸਾਹਮਣੇ ਆਉਂਦਾ ਹੈ ਉਹ ਸਾਨੂੰ ਇਹ ਸੋਚਣ ਲਈ ਮਜ਼ਬੂਰ ਕਰ ਦਿੰਦਾ ਹੈ ਕਿ ਕਿਤੇ ਇਕ ਸੋਚੀ-ਸਮਝੀ ਵਿਉਂਤ-ਬੰਦੀ ਨਾਲ ਤਾਂ ਨਹੀਂ ਫੌਜ਼ ਨੂੰ ਸੱਦੇ ਜਾਣ ਤੋਂ ਬਾਅਦ ਵੀ ਨਾਕਾਰਾ ਬਣਾ ਬਣਾ ਕੇ ਰੱਖਿਆ ਗਿਆ ਅਤੇ ਫੌਜ ਨੂੰ ਸੱਦਿਆ ਵੀ ਇਕ ਲੰਮੇ ਅਰਸੇ ਬਾਅਦ ਗਿਆ......

ਇਕ ਸਾਂਝੇ ਫੌਜੀ ਅਤੇ ਸਿਵਲ ਰਾਜ ਪ੍ਰਬੰਧ ਦੇ ਅਪ੍ਰੇਸ਼ਨ ਲਈ ਲਾਜ਼ਮੀ ਹੈ ਕਿ ਇਕ ਸਾਂਝਾ ਕੰਟਰੋਲ ਰੂਮ ਕਾਇਮ ਕੀਤਾ ਜਾਵੇ। 1947 ਦੇ ਫਸਾਦਾਂ ਦੌਰਾਨ...... ਲਾਰਡ ਮਾਊਂਟ ਬੈਟਨ ਨੇ ਰਾਸ਼ਟਰਪਤੀ ਭਵਨ ਵਿਚ ਇਕ

(ਬਾਕੀ ਸਫਾ 15 'ਤੇ)

## ਦਸਵੀਂ ਲੋਕ ਸਭਾ ਦੇ ਚੋਣ-ਨਤੀਜੇ

# ਭਾਰਤੀ ਰਾਜ ਪ੍ਰਬੰਧ ਦੇ ਸੰਕਟ ਦੀ ਦੂਜੀ ਕਿਸ਼ਤ ਤਿਆਰ

□ਹਰਦਿਆਲ ਸਿੰਘ

ਲੋਕ ਸਭਾ ਦੀਆਂ ਤਾਜ਼ੀਆਂ ਚੋਣਾਂ ਦੌਰਾਨ ਤਿੰਨ ਮਹੱਤਵਪੂਰਨ ਨੁਕਤੇ ਉਭਰ ਕੇ ਸਾਹਮਣੇ ਆਏ ਹਨ ਜਿਨ੍ਹਾਂ ਦੀ ਸਿਆਸੀ ਅਹਿਮੀਅਤ ਨੂੰ ਬੁਝ ਕੇ ਹੀ ਦੇਸ਼ ਅੰਦਰ ਵਿਕਸਤ ਹੋ ਰਹੀ ਸਿਆਸੀ ਸਥਿਤੀ ਨੂੰ ਸਮਝਿਆ ਜਾ ਸਕਦਾ ਹੈ।

ਪਹਿਲਾ, ਇਹ ਪਹਿਲੀ ਵਾਰੀ ਹੈ ਜਦੋਂ ਦੇਸ਼ ਦੀਆਂ ਤਿੰਨ ਪ੍ਰਮੁੱਖ ਪਾਰਟੀਆਂ—ਕਾਂਗਰਸ, ਭਾਰਤੀ ਜਨਤਾ ਪਾਰਟੀ ਅਤੇ ਜਨਤਾ ਦਲ ਨੇ ਵੱਖ-ਵੱਖ ਅਤੇ ਮੁਕਾਬਲਤਨ ਸਪੱਸ਼ਟ ਮੁੱਦਿਆਂ ਨੂੰ ਆਧਾਰ ਬਣਾ ਕੇ ਚੋਣ ਲੜੀ ਹੈ। ਦੂਜਾ, ਇਹ ਪਹਿਲੀ ਵਾਰੀ ਹੈ ਜਦੋਂ ਵੱਖ-ਵੱਖ ਰਾਜਾਂ ਦੇ ਲੋਕਾਂ ਨੇ ਵੱਖ-ਵੱਖ ਪਾਰਟੀਆਂ ਪ੍ਰਤੀ ਵੱਖ-ਵੱਖ ਅਤੇ ਬਹੁਤ ਹੀ ਟਕਰਾਵੇਂ ਪ੍ਰਤੀਕਰਮ ਵਿਖਾਏ ਹਨ। ਤੀਜਾ, ਇਕ ਵਾਰ ਫਿਰ ਕੋਈ ਵੀ ਪਾਰਟੀ ਲੋਕ ਸਭਾ ਵਿਚ ਸਪੱਸ਼ਟ ਬਹੁਮਤ ਨਹੀਂ ਲਿਜਾ ਸਕੀ।

ਕਾਂਗਰਸ ਦਾ ਮੁੱਖ ਮੁੱਦਾ ਇਹ ਸੀ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਅੰਦਰ ਉਭਰ ਰਹੇ, ਕੌਮੀ ਆਜ਼ਾਦੀ ਲਈ ਹਥਿਆਰਬੰਦ ਘੋਲਾਂ, ਜਿਨ੍ਹਾਂ ਨੂੰ ਉਹ ਵੱਖਵਾਦੀ ਅੰਦੋਲਨ ਕਹਿੰਦੀ ਹੈ, ਨੂੰ ਇਕ ਸਥਿਰ ਅਤੇ ਮਜ਼ਬੂਤ ਸਰਕਾਰ ਹੀ ਕੁਚਲ ਸਕਦੀ ਹੈ ਅਤੇ ਅਜਿਹੀ ਸਰਕਾਰ ਸਿਰਫ ਉਹ ਹੀ ਮੁਹੱਈਆ ਕਰ ਸਕਦੀ ਹੈ। ਦੂਸਰੇ ਪਾਸੇ ਭਾਰਤੀ ਜਨਤਾ ਪਾਰਟੀ ਦੀ ਪੁਜ਼ੀਸ਼ਨ ਹੈ ਕਿ "ਵੱਖਵਾਦੀ ਅੰਦੋਲਨਾਂ" ਸਦਕਾ ਦੇਸ਼ ਦੀ "ਏਕਤਾ ਅਤੇ ਅਖੰਡਤਾ" ਨੂੰ ਖੜੇ ਹੋਏ ਖਤਰੇ ਦਾ ਤਾਂ ਹੀ ਟਾਕਰਾ ਕੀਤਾ ਜਾ ਸਕਦਾ ਹੈ ਜੇ ਦੇਸ਼ ਦੀ ਬਹੁ-ਗਿਣਤੀ ਭਾਵ ਹਿੰਦੂਆਂ ਨੂੰ ਇਕ-ਮੁੱਠ ਅਤੇ ਲਾਮਬੰਦ ਕੀਤਾ ਜਾ ਸਕੇ। ਦੱਬੀਆਂ-ਕੁਚਲੀਆਂ ਜਾਤਾਂ ਅੰਦਰ ਜਾਤ-ਪਾਤੀ ਦਾਬੇ ਬਾਰੇ ਆ ਰਹੀ ਚੇਤਨਤਾ ਅਤੇ ਇਸ ਦਾਬੇ ਤੋਂ ਛੁਟਕਾਰਾ ਪਾਉਣ ਲਈ ਜਦੋ-ਜਹਿਦਾਂ ਦੇ ਰਾਹ ਪੈਣ ਦਾ ਰੁਝਾਨ ਹਿੰਦੂਆਂ ਨੂੰ ਖੇਰੂੰ-ਖੇਰੂੰ ਕਰ ਦੇਵੇਗਾ। ਇਸ ਰੁਝਾਨ ਨੂੰ ਰੋਕਣ ਲਈ ਵੀ ਹਿੰਦੂਆਂ ਨੂੰ ਜੱਥੇਬੰਦ ਕਰਨਾ ਜ਼ਰੂਰੀ ਹੈ। ਜੇ ਦੇਸ਼ ਭਰ ਦੇ ਹਿੰਦੂਆਂ ਦਰਮਿਆਨ ਕਿਸੇ ਨੁਕਤੇ 'ਤੇ ਸਾਂਝ ਹੋ ਸਕਦੀ ਹੈ ਤਾਂ ਉਹ ਨੁਕਤਾ ਸਿਰਫ ਧਾਰਮਕ ਘਟ-ਗਿਣਤੀਆਂ ਖਾਸ ਕਰ ਮੁਸਲਮਾਨਾ ਦਾ ਵਿਰੋਧ ਹੀ ਹੋ ਸਕਦਾ ਹੈ। ਇਸੇ ਕਰਕੇ ਹੀ ਉਹ ਪਿਛਲੇ ਕੁਝ ਸਮੇਂ ਤੋਂ ਬਾਬਰੀ ਮਸਜਿਦ ਨੂੰ ਢਾਹ ਕੇ ਉਸ ਦੀ ਥਾਂ ਰਾਮ ਦਾ ਮੰਦਰ ਉਸਾਰਨ ਨੂੰ ਮੁੱਦਾ ਬਣਾ ਕੇ ਹਿੰਦੂਆਂ ਦੀਆਂ ਭਾਵਨਾਵਾਂ ਭੜਕਾ ਰਹੀ ਸੀ। ਚੋਣਾ ਸਮੇਂ ਆਪਣੀ ਇਸ ਸਿਆਸਤ ਨੂੰ ਹੋਰ ਵੱਧ ਹਿੰਦੂ ਹਿਸਿਆਂ ਅੰਦਰ ਲਿਜਾਣ ਲਈ ਅਤੇ ਹੁਣ ਤੱਕ ਭੜਕਾਏ ਜਾ ਚੁੱਕੇ ਹਿੰਦੂ-ਹੰਕਾਰ ਨੂੰ ਵੋਟਾਂ ਵਿਚ ਬਦਲਣ ਲਈ ਉਸ ਨੇ ਬਾਬਰੀ ਮਸਜਿਦ ਨੂੰ ਢਾਹੁਣ ਦੇ ਮਸਲੇ ਨੂੰ ਹੀ ਆਪਣਾ ਮੁੱਖ ਚੋਣ ਮੁੱਦਾ ਬਣਾਇਆ। ਜਨਤਾ ਦਲ ਅੰਦਰਲੀ ਵੀ. ਪੀ. ਸਿੰਘ, ਪਾਸਵਾਨ-ਯਾਦਵ ਸਿਰ ਆਪਣੀ ਸਿਆਸਤ ਦਾ ਕੇਂਦਰੀ ਨੁਕਤਾ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਬਣਾਉਂਦੀ ਆ ਰਹੀ ਹੈ। ਭਾਵੇਂ ਚੋਣਾਂ ਤੋਂ ਪਹਿਲਾਂ ਵੀ ਇਸ ਨੂੰ ਇਸ ਮਸਲੇ 'ਤੇ ਉੱਚ-ਜਾਤੀਆਂ ਅਤੇ ਪਰਚਾਰ ਮੀਡੀਏ (ਅਖਬਾਰਾਂ, ਰੇਡੀਓ, ਟੈਲੀਵੀਜ਼ਨ ਵਗੈਰਾ) 'ਤੇ ਕਾਬਜ ਜਾਤਪ੍ਰਸਤਾਂ ਤੋਂ ਤਕੜਾ ਵਿਰੋਧ ਝਲਣਾ ਪਿਆ ਸੀ, ਪਰ ਇਸ ਦੇ ਬਾਵਜੂਦ ਵੀ ਇਸ ਨੇ ਮੰਡਲ ਕਮਿਸਨ ਰਿਪੋਰਟ ਨੂੰ ਹੀ ਆਪਣਾ ਚੋਣ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ। ਪਰ ਇਸ ਪਾਰਟੀ ਦਾ ਤੇਲਗੂ ਦੇਸਮ ਅਤੇ ਮਾਰਕਸੀ ਕਮਿਊਨਿਸਟ ਪਾਰਟੀ ਵਰਗੀਆਂ ਪਾਰਟੀਆਂ ਨਾਲ ਗਠਜੋੜ ਹੋਣ ਕਰਕੇ ਤੇ ਇਸਦੇ ਆਪਣੇ ਅੰਦਰ ਹੀ ਬੀਜੂ ਪਟਨਾਇਕ, ਅਜੀਤ ਸਿੰਘ ਅਤੇ ਹੈਗੜੇ ਵਰਗਿਆਂ ਦਾ ਕਾਫੀ ਜ਼ੋਰ ਹੋਣ ਕਰਕੇ, ਜੋ ਕਿ ਮੰਡਲ ਕਮਿਸ਼ਨ ਰਿਪੋਰਟ ਨੂੰ ਵੱਧ ਤੋਂ ਵੱਧ ਪੇਤਲੀ ਕਰਨ ਦੇ ਮੁਦਈ ਹਨ, ਇਹ ਪਾਰਟੀ ਪੂਰੇ ਜ਼ੋਰ ਅਤੇ ਦ੍ਰਿੜ੍ਹਤਾ ਨਾਲ ਆਪਣੇ ਚੋਣ-ਮੁੱਦੇ 'ਤੇ ਡਟ ਨਹੀਂ ਸਕੀ। ਇਸ ਪਾਰਟੀ ਦੀਆਂ ਮਹਾਰਾਸ਼ਟਰ, ਕਰਨਾਟਕ, ਉੜੀਸਾ ਅਤੇ ਇੱਥੋਂ ਤੱਕ ਕਿ ਯੂ. ਪੀ. ਦੀ ਸੂਬਾ ਇਕਾਈ ਅੰਦਰ ਵੀ ਉਚ-ਜਾਤੀਏ ਦੇ ਭਾਰੂ ਹਨ। ਉਹਨਾਂ ਵੱਲੋਂ ਜੇ ਮੰਡਲ ਕਮਿਸ਼ਨ ਰਿਪੋਰਟ ਦੇ ਹੱਕ ਵਿਚ ਮਾੜਾ-ਮੋਟਾ ਸਟੈਂਡ ਲਿਆ ਜਾਂਦਾ ਸੀ ਤਾਂ ਵੀ ਉਚ-ਜਾਤੀਆਂ ਵਲੋਂ ਬਾਰ-ਬਾਰ ਠੱਗੇ ਜਾਣ ਦੇ ਆਪਣੇ ਇਤਿਹਾਸਕ ਤਜਰਬੇ ਦੀ ਰੌਸ਼ਨੀ ਵਿਚ ਪਛੜੀਆਂ ਜਾਤਾਂ ਦੇ ਲੋਕਾਂ ਵੱਲੋਂ ਉਹਨਾਂ ਨੂੰ ਬਹੁਤਾ ਗੰਭੀਰਤਾ ਨਾਲ ਨਹੀਂ ਸੀ ਲਿਆ ਜਾ ਰਿਹਾ। ਮੰਡਲ ਕਮਿਸ਼ਨ ਰਿਪੋਰਟ ਨੂੰ ਚੋਣਾਂ ਦਾ ਮੁੱਦਾ ਬਣਾਉਣ ਵਾਲੀ ਵੀ. ਪੀ. ਸਿੰਘ ਧਿਰ ਦਾ ਕਹਿਣਾ ਹੈ ਕਿ ਜੇ ਪਛੜੀਆਂ ਜਾਤਾਂ ਨੂੰ ਸਮਾਜ ਅੰਦਰ ਥੋੜ੍ਹੀ-ਬਹੁਤ ਵੀ ਸਨਮਾਨ ਯੋਗ ਥਾਂ ਨਹੀਂ

ਦਿੱਤੀ ਜਾਂਦੀ ਤਾਂ ਉਹ ਲਾਜ਼ਮੀ ਹੀ ਸਮਾਜੀ ਇਨਕਲਾਬ ਦੇ ਪ੍ਰੋਗਰਾਮ ਵੱਲ ਤੁਰ ਜਾਣ ਲਈ ਮਜਬੂਰ ਹੋ ਜਾਣਗੀਆਂ। ਦੇਸ਼ ਦੇ ਵੱਖ-ਵੱਖ ਹਿੱਸਿਆਂ ਅੰਦਰ ਕੇਂਦਰ ਦੇ ਖਿਲਾਫ ਤਿੱਖੇ ਹੋ ਰਹੇ ਹਥਿਆਰਬੰਦ ਘੋਲ ਉਹਨਾਂ ਨੂੰ ਇਸ ਰਾਹ ਪੈਣ ਲਈ ਉਤਸ਼ਾਹਤ ਤੇ ਪ੍ਰੇਰਤ ਕਰਨਗੇ।

ਇਹ ਪਾਰਟੀਆਂ ਹੁਣ ਤੱਕ ਚੋਣਾਂ ਵਿਚ ਬੜੇ ਹੀ ਗੋਲ-ਮੋਲ ਜਿਹੇ ਮੁੱਦੇ ਉਭਾਰਦੀਆਂ ਰਹੀਆਂ ਹਨ ਜਿਵੇਂ ਕਿ ਗਰੀਬੀ ਹਟਾਓ, ਕੀਮਤਾਂ ਘਟਾਓ, ਭਰਿਸ਼ਟਾਚਾਰ ਮੁਕਾਓ ਆਦਿ ਆਦਿ। ਜੇ ਵੱਖ-ਵੱਖ ਪਾਰਟੀਆਂ ਨੂੰ ਭਾਰਤੀ ਸਮਾਜ ਦੀਆਂ ਕੁਝ ਬੁਨਿਆਦੀ ਕਿਸਮਾਂ ਦੀਆਂ ਸਮੱਸਿਆਵਾਂ (ਕੌਮਾਂ ਦੀਆਂ ਸਮੱਸਿਆਵਾਂ, ਸਥਾਨਿਕ ਭਾਈਚਾਰਿਆਂ ਦੀਆਂ ਸਮੱਸਿਆਵਾਂ ਤੇ ਜਾਤ-ਪਾਤ ਦੀਆਂ ਸਮੱਸਿਆਵਾਂ) 'ਤੇ ਸਪੱਸ਼ਟ ਪੁਜ਼ੀਸ਼ਨ ਲੈਣ ਲਈ ਮਜਬੂਰ ਹੋਣਾ ਪਿਆ ਹੈ ਤਾਂ ਇਹ ਇਸ ਦਾ ਪ੍ਰਤੀਕ ਹੈ ਕਿ ਭਾਰਤ ਦੇ ਲੋਕਾਂ ਅੰਦਰ ਇਹਨਾਂ ਸਮੱਸਿਆਵਾਂ ਦੇ ਆਧਾਰ 'ਤੇ ਕਤਾਰਬੰਦੀ ਦਾ ਵਰਤਾਰਾ ਸਾਹਮਣੇ ਆ ਰਿਹਾ ਹੈ। ਚੋਣ ਮੁਹਿੰਮ ਨੇ ਇਸ ਕਤਾਰਬੰਦੀ ਨੂੰ ਹੋਰ ਅੱਗੇ ਵਧਾ ਦਿੱਤਾ ਹੈ। ਇਹ ਇਕ ਹਾਂ-ਪੱਖੀ ਵਰਤਾਰਾ ਹੈ। ਇਸ ਨੇ ਭਾਰਤੀ ਰਾਜ ਦੇ ਖਿਲਾਫ ਦਬੀਆਂ-ਕੁਚਲੀਆਂ ਕੌਮਾਂ, ਸਤਾਏ ਜਾ ਰਹੇ ਘੱਟ-ਗਿਣਤੀ ਧਾਰਮਕ ਭਾਈਚਾਰਿਆਂ ਅਤੇ ਬ੍ਰਾਹਮਣਵਾਦੀ ਜਬਰ ਦਾ ਸ਼ਿਕਾਰ ਦਲਿਤ ਜਾਤਾਂ ਦੇ ਸਾਂਝੇ ਮੁਹਾਜ਼ ਦੇ ਹੋਂਦ ਵਿਚ ਆਉਣ ਦਾ ਅਧਾਰ ਤਿਆਰ ਕਰ ਦਿੱਤਾ ਹੈ। ਇਸ ਦੇ ਨਾਲ ਹੀ ਇਹਨਾਂ ਤਬਕਿਆਂ ਨੂੰ ਆਪਣੇ ਦੁਸ਼ਮਣ ਨੂੰ ਪਹਿਚਾਨਣਾ ਕਾਫੀ ਸੌਖਾ ਹੁੰਦਾ ਜਾ ਰਿਹਾ ਹੈ।

ਵੱਖ-ਵੱਖ ਸੂਬਿਆਂ ਅੰਦਰ ਕੌਮਾਂ, ਧਾਰਮਕ ਘੱਟ-ਗਿਣਤੀਆਂ ਅਤੇ ਜਾਤਾਂ ਦੀਆਂ ਸਮੱਸਿਆਵਾਂ ਦੇ ਇਕ ਤਾਂ ਲੱਛਣ ਵੱਖ-ਵੱਖ ਹਨ, ਦੂਜਾ ਇਹ ਸਮੱਸਿਆਵਾਂ ਵਿਕਾਸ ਦੇ ਵੱਖ-ਵੱਖ ਪੜਾਵਾਂ 'ਤੇ ਹਨ। ਇਸੇ ਕਰਕੇ ਵੱਖ-ਵੱਖ ਪਾਰਟੀਆਂ ਦੇ ਚੋਣ-ਮੁੱਦਿਆਂ ਪ੍ਰਤੀ ਵੱਖ-ਵੱਖ ਰਾਜਾਂ ਅੰਦਰੋਂ ਵੱਖ-ਵੱਖ ਪ੍ਰਤੀਕਰਮ ਆਏ ਹਨ। ਜੇਕਰ ਇਕ ਰਾਜ ਵਿਚ ਕਾਂਗਰਸ ਨੇ ਹੂੰਝਾ ਫੇਰ ਦਿੱਤਾ ਹੈ ਤਾਂ ਉਸ ਦੇ ਨਾਲ ਲਗਦੇ ਹੀ ਰਾਜ ਵਿਚ ਜਨਤਾ ਦਲ ਨੇ ਤੇ ਐਨ ਅਗਲੇ ਰਾਜ ਵਿਚ ਭਾਰਤੀ ਜਨਤਾ ਪਾਰਟੀ ਨੇ। ਇਹ ਤੱਥ ਦਿਖਾਉਂਦਾ ਹੈ ਕਿ ਵੱਖ-ਵੱਖ ਰਾਜਾਂ ਅੰਦਰ ਵੱਖ-ਵੱਖ ਮੁੱਦੇ ਸਿਆਸਤ ਦਾ ਕੇਂਦਰੀ ਬਿੰਦੂ ਬਣ ਰਹੇ ਹਨ। ਇਕ ਸਮਾਂ ਹੁੰਦਾ ਸੀ ਜਦੋਂ ਦੇਸ਼ ਪੱਧਰੀ ਇਕੋ ਪਾਰਟੀ ਇਕੋ ਨਾਹਰੇ 'ਤੇ ਸਮੁੱਚੇ ਦੇਸ਼ ਅੰਦਰ ਆਪਣੀ ਹਵਾ ਬਣਾ ਲੈਂਦੀ ਸੀ। ਮੌਜੂਦਾ ਚੋਣਾਂ ਦੇ ਸਿੱਟੇ ਦਸਦੇ ਹਨ ਕਿ ਅਜਿਹੇ ਸਮੇਂ ਹੁਣ ਲੱਦਦੇ ਜਾ ਰਹੇ ਹਨ। ਇਕੋ ਇਕ ਪਾਰਟੀ ਵੱਲੋਂ ਲੋਕ ਸਭਾ ਵਿਚ ਬਹੁਮਤ ਲਿਜਾ ਕੇ ਨਿਰੋਲ ਆਪਣੀ ਸਰਕਾਰ ਬਣਾਉਣ ਦੀ ਥਾਂ ਦੋ ਜਾਂ ਦੋ ਤੋਂ ਵੱਧ ਪਾਰਟੀਆਂ ਦੀਆਂ ਸਾਂਝੀਆਂ ਸਰਕਾਰਾਂ ਦਾ ਦੌਰ ਆ ਰਿਹਾ ਹੈ, ਪਰ ਜਿਹੋ ਜਿਹੇ ਮੁੱਦਿਆਂ 'ਤੇ ਮੁੱਖ ਸਿਆਸੀ ਪਾਰਟੀਆਂ ਦਰਮਿਆਨ ਕਤਾਰਬੰਦੀ ਹੋ ਰਹੀ ਹੈ ਉਸ ਤੋਂ ਲੱਗਦਾ ਹੈ ਕਿ ਇਹਨਾਂ ਪ੍ਰਮੁੱਖ ਪਾਰਟੀਆਂ ਵਲੋਂ ਸਾਂਝੀਆਂ ਸਰਕਾਰਾਂ ਬਣਾਉਣ ਦਾ ਆਧਾਰ ਵੀ ਕਾਫੀ ਘਟਦਾ ਜਾ ਰਿਹਾ ਹੈ। 1989 ਦੀਆਂ ਚੋਣਾਂ ਸਮੇਂ ਭਾਰਤੀ ਜਨਤਾ ਪਾਰਟੀ ਤੇ ਜਨਤਾ ਦਲ ਨੇ ਸੌਖ ਨਾਲ ਹੀ ਸਾਂਝੀ ਸਰਕਾਰ ਬਣਾ ਲਈ ਸੀ, ਪਰ ਹੁਣ ਜਿੰਨਾ ਚਿਰ ਇਹਨਾਂ ਵਿਚੋਂ ਕੋਈ ਪਾਰਟੀ ਆਪਣੇ ਪ੍ਰੋਗਰਾਮ ਤੇ ਸਮਾਜੀ ਅਧਾਰ ਨੂੰ ਹੀ ਤਲਾਂਜਲੀ ਨਹੀਂ ਦੇ ਜਾਂਦੀ ਉਨਾ ਚਿਰ ਇਹਨਾਂ ਦਰਮਿਆਨ ਕਿਸੇ ਕਿਸਮ ਦੀ ਸਾਂਝੀ ਸਰਕਾਰ ਲਗਭਗ ਅਸੰਭਵ ਹੈ। ਇਹ ਤੱਥ ਸਪੱਸ਼ਟ ਕਰਦੇ ਹਨ ਕਿ ਭਾਰਤ ਦਾ ਸਿਆਸੀ ਸਿਸਟਮ ਇਕ ਗੰਭੀਰ ਸੰਕਟ ਵਿਚ ਫਸਦਾ ਜਾ ਰਿਹਾ ਹੈ। ਨਾ ਸਿਰਫ ਕਿਸੇ ਇਕ ਇਕੱਲੀ ਪਾਰਟੀ ਦੀ ਸਥਿਰ ਅਤੇ ਮਜਬੂਤ ਸਰਕਾਰ ਬਣਨੀ ਅਸੰਭਵ ਹੁੰਦੀ ਜਾ ਰਹੀ ਹੈ, ਸਗੋਂ ਵੱਡੀਆਂ ਪਾਰਟੀਆਂ ਵਲੋਂ ਮਿਲ ਕੇ ਸਾਂਝੀਆਂ ਸਰਕਾਰਾਂ ਬਣਾਉਣ ਦੀਆਂ ਸੰਭਾਵਨਾਵਾਂ ਵੀ ਘਟਦੀਆਂ ਜਾ ਰਹੀਆਂ ਹਨ। ਦਿੱਲੀ ਦੇ ਤਖਤ ਨੇ ਡੋਲਣਾ ਸ਼ੁਰੂ ਕਰ ਦਿੱਤਾ ਹੈ। ਆਪੋ ਆਪਣੀ ਕੌਮੀ ਆਜ਼ਾਦੀ ਹਾਸਲ ਕਰਨ ਲਈ ਸੰਘਰਸ਼ਸ਼ੀਲ ਕੌਮਾਂ ਲਈ ਹਾਲਤਾਂ ਸਾਜ਼ਗਰ ਬਣ ਰਹੀਆਂ ਹਨ।□

---

(ਸਫਾ 13 ਦੀ ਬਾਕੀ)

ਸਾਂਝਾ ਕੰਟਰੋਲ ਰੂਮ ਕਾਇਮ ਕਰ ਦਿੱਤਾ ਸੀ ਤਾਂ ਜੋ ਸਿਵਲ ਰਾਜ ਪ੍ਰਬੰਧ ਅਤੇ ਫੌਜ ਦੀਆਂ ਕਾਰਵਾਈਆਂ ਵਿਚ ਇਕ-ਸੁਰਤਾ ਹੋਵੇ। ਇਹ ਗੱਲ ਸ੍ਰੀ ਨਰਸਿਮਹਾ ਰਾਓ ਨੂੰ ਦਿੱਲੀ ਦੇ ਇਕ ਸਿਆਣੇ ਬਜ਼ੁਰਗ ਨੇ, ਜੋ ਫੌਜੀ ਮੁਹਿੰਮਾਂ ਵਿਚ ਮਾਹਿਰ ਹੈ, ਦੱਸੀ। ਫਿਰ ਵੀ 31 ਅਕਤੂਬਰ ਤੋਂ 4 ਨਵੰਬਰ ਤੱਕ (ਦਿੱਲੀ ਫਸਾਦਾਂ ਦੀ ਸਿਖਰ) ਸਾਂਝਾ ਕੰਟਰੋਲ ਰੂਮ ਕਾਇਮ ਕਰਨ ਦੀ ਉੱਕਾ ਹੀ ਕੋਸ਼ਿਸ਼ ਨਾ ਕੀਤੀ ਗਈ।...... ਇਸ ਦਾ ਅਸਰ ਇਹ ਹੋਇਆ ਕਿ ਫੌਜ ਸੱਦਣ ਤੋਂ ਬਾਅਦ ਵੀ ਫੌਜੀ ਅਫਸਰਾਂ ਦੀ ਲਗਾਤਾਰ ਸ਼ਿਕਾਇਤ ਰਹੀ ਕਿ ਪੁਲਿਸ ਉਨ੍ਹਾਂ ਨੂੰ ਗੜਬੜ ਵਾਲੇ ਇਲਾਕਿਆਂ ਦਾ ਨਾ ਹੀ ਕੋਈ ਥਹੁ ਪਤਾ ਦੇ ਰਹੀ ਹੈ ਅਤੇ ਨਾ ਹੀ ਕੋਈ ਸਹਿਯੋਗ।

["ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ" ਅਤੇ "ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼" ਵਲੋਂ ਤਿਆਰ ਕੀਤੀ ਗਈ ਸਾਂਝੀ ਰਿਪੋਰਟ 'ਦੋਸ਼ੀ ਕੌਣ ਹਨ' ਵਿਚੋਂ।]

## *ਟ੍ਰਿਬਿਊਨ ਸਮੂਹ ਦੇ ਮੁੱਖ ਸੰਪਾਦਕ ਵੀ. ਐਨ. ਨਰਾਇਣਨ ਨੇ*

# ਔਹਦੇ ਦੀ ਲਾਜ ਰੋਲੀ

□ਪਰੇਮ ਸਿੰਘ

ਪੰਜਾਬ ਦੇ ਪੜ੍ਹੇ ਲਿਖੇ ਵਰਗ ਦੇ ਮਨ 'ਚ ਟ੍ਰਿਬਿਊਨ ਸਮੂਹ ਦੀਆਂ ਤਿੰਨੇ ਅਖਬਾਰਾਂ ਦੇ ਮੁੱਖ ਸੰਪਾਦਕ ਵੀ ਐਨ ਨਰਾਇਣਨ ਦਾ ਅਕਸ ਇਕ ਨਿਰਪੱਖ ਅਤੇ ਜਮਹੂਰੀ ਪੱਤਰ-ਕਾਰ ਦੇ ਤੌਰ 'ਤੇ ਬਣਿਆ ਹੋਇਆ ਹੈ। ਖਾਸ ਕਰਕੇ ਪ੍ਰੈਸ ਦੀ ਆਜਾਦੀ ਤੇ ਪੰਜਾਬ ਅੰਦਰ ਚੋਣਾਂ ਕਰਵਾਉਣ ਦੇ ਮਸਲੇ ਨੂੰ ਲੈ ਕੇ ਉਸ ਵਲੋਂ ਲਏ ਗਏ ਸਟੈਂਡ ਕਰਕੇ ਪੰਜਾਬ ਦੇ ਜਮਹੂਰੀ ਹਲਕਿਆਂ 'ਚ ਉਸ ਦੀ ਸ਼ਲਾਘਾ ਕੀਤੀ ਜਾਂਦੀ ਰਹੀ ਹੈ। ਜਦੋਂ ਨਵੇਂ ਗਵਰਨਰ ਜਨਰਲ ਮਲਹੋਤਰਾਂ ਨੇ ਆਉਂਦਿਆਂ ਹੀ ਤਾਨਾਸ਼ਾਹੀ ਫੁਰਮਾਨ ਜਾਰੀ ਕਰਕੇ ਪ੍ਰੈਸ ਦੀ ਆਜ਼ਾਦੀ 'ਤੇ ਪਾਬੰਦੀਆਂ ਆਇਦ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਵੀ ਐਨ ਨਰਾਇਣਨ ਨੇ ਆਪਣੀ ਅਗਵਾਈ ਹੇਠ, ਗਵਰਨਰ ਦੀ ਇਸ ਤਾਨਾਸ਼ਾਹੀ ਵਿਰੁੱਧ, ਟ੍ਰਿਬਿਊਨ ਸਮੂਹ ਦੇ ਮੁਲਾਜ਼ਮਾਂ ਦਾ ਮੁਜਾਹਰਾਂ ਕਰਕੇ ਪੰਜਾਬ ਦੇ ਲੋਕਾਂ ਦੀ ਚੰਗੀ ਵਾਹਵਾ ਖੱਟੀ ਸੀ। ਉਸ ਵਲੋਂ ਪੰਜਾਬ ਅੰਦਰ ਚੋਣਾਂ ਕਰਵਾਉਣ ਦੀ ਕੀਤੀ ਜਾਂਦੀ ਵਕਾਲਤ ਤੋਂ ਲੋਕ ਸਮਝਦੇ ਸਨ ਕਿ ਉਹ ਪਜਾਬ 'ਚ ਜਮਹੂਰੀਅਤ ਦੀ ਬਹਾਲੀ ਦਾ ਪੈਰੋਕਾਰ ਹੈ।

ਪਰ ਗਵਰਨਰ ਜਨਰਲ ਮਲਹੋਤਰੇ ਦੇ ਅਸਤੀਫੇ ਬਾਰੇ ਉਸ ਵਲੋਂ ਤਿੰਨੇ ਅਖਬਾਰਾਂ ਦੇ ਮੁੱਖ ਸਫੇ 'ਤੇ ਲਿਖੇ ਗਏ ਇਕ ਵਿਸ਼ੇਸ਼ ਸੰਪਾਦਕੀ ਲੇਖ ਨੇ ਉਸ ਦੇ ਇਸ ਅਕਸ ਨੂੰ ਛਿੰਨ ਭਿੰਨ ਕਰ ਦਿੱਤਾ ਹੈ। ਉਸ ਦਾ ਸਿੱਖ ਦੁਸ਼ਮਣ ਚਿਹਰਾ ਲੋਕਾਂ ਸਾਹਮਣੇ ਸਪਸ਼ਟ ਹੋ ਗਿਆ ਹੈ। ਇਸੇ ਲੇਖ 'ਚ ਹੀ ਉਸ ਨੇ ਆਪਣੇ "ਪ੍ਰੈਸ ਦੀ ਆਜ਼ਾਦੀ" ਬਾਰੇ ਨਕਲੀ ਹੇਜ ਨੂੰ ਵੀ ਨੰਗਾ ਕਰ ਦਿੱਤਾ ਹੈ।

ਮਲਹੋਤਰੇ ਦੇ ਪ੍ਰੈਸ ਦੀ ਆਜ਼ਾਦੀ ਨੂੰ ਕੁਚਲਣ ਦੇ ਜਿਸ ਫੁਰਮਾਨ ਵਿਰੁੱਧ ਰੋਸ ਪਰਗਟ ਕਰਕੇ ਨਰਾਇਣਨ ਨੇ ਆਪਣੇ ਬਾਰੇ ਜਮਹੂਰੀਅਤ ਪਸੰਦ ਹੋਣ ਦਾ ਭਰਮ ਪੈਦਾ ਕੀਤਾ ਸੀ ਉਸੇ ਫੁਰਮਾਨ ਦੀ ਤਾਰੀਫ ਕਰਦਾ ਉਹ ਲਿਖਦਾ ਹੈ, "ਜਨਰਲ ਮਲਹੋਤਰਾ ਲੜਾਈ ਸਿੱਧੀ ਵਿਰੋਧੀਆਂ ਦੇ ਕੈਂਪ 'ਚ ਲੈ ਗਏ। ਉਨ੍ਹਾਂ ਦਾ ਮੰਤਵ ਨਿਮਰ ਸੀ।...ਉਨ੍ਹਾਂ ਨੇ ਛੇਤੀ ਹੀ ਇਹ ਗੱਲ ਮਹਿਸੂਸ ਕਰ ਲਈ ਕਿ ਖਾੜਕੂਆਂ ਦੇ ਪ੍ਰੈਸ ਨੋਟਾਂ ਨੇ ਸਮਾਜ ਤੇ ਸਰਕਾਰ ਦਾ ਅਥਾਹ ਨੁਕਸਾਨ ਕੀਤਾ ਹੈ। ਉਨ੍ਹਾਂ ਨੇ ਇਤਰਾਜ਼ ਯੋਗ ਸਾਮੱਗਰੀ ਦੇ ਸੋਮਿਆਂ ਨੂੰ ਪਛਾਨਣ ਤੇ ਬੰਦ ਕਰਨ ਲਈ ਜ਼ੋਰਦਾਰ ਮੁਹਿੰਮ ਚਲਾ ਕੇ ਖਾੜਕੂਆਂ ਦੀ ਹਕੂਮਤ ਨੂੰ ਖਤਮ ਕੀਤਾ। ਪੰਜਾਬ ਵਿਚ ਸਮਾਜ ਦੇ ਵੱਖ-ਵੱਖ ਤਬਕਿਆਂ ਨੂੰ ਖਾੜਕੂਆਂ ਦੀਆਂ ਧਮ-ਕੀਆਂ ਬੰਦ ਕਰਾਉਣ ਦਾ ਸਿਹਰਾ ਜਨਰਲ ਮਲਹੋਤਰਾ ਦੇ ਸਿਰ ਬੱਝਦਾ ਹੈ, ਭਾਵੇਂ ਕਿ ਇਸ ਦੇ ਨਾਲ ਅਖਬਾਰਾਂ ਦੀ ਆਜ਼ਾਦੀ ਦੀ ਭਾਰੀ ਉਲੰਘਣਾ ਹੋਈ ਸੀ।"

## ਮਨ ਹੋਰ ਮੁੱਖ ਹੋਰ

ਇਉਂ ਓਪਰੀ ਤੌਰ 'ਤੇ ਪ੍ਰੈਸ ਦੀ ਆਜ਼ਾਦੀ ਦਾ ਢੰਡੋਰਾ ਪਿੱਟਣ ਵਾਲਾ "ਮੁੱਖ ਸੰਪਾਦਕ" ਅਸਲ ਵਿਚ ਅੰਦਰੂਨੀ ਤੌਰ 'ਤੇ ਪ੍ਰੈਸ 'ਤੇ ਲਾਈਆਂ ਗਈਆਂ ਪਾਬੰਦੀਆਂ ਦਾ ਹਿਮਾਇਤੀ ਹੋ ਨਿਬੜਿਆ ਹੈ। ਇਸੇ ਲਈ ਉਹ ਮਲਹੋਤਰੇ ਵਲੋਂ ਪ੍ਰੈਸ 'ਤੇ ਲਾਈਆਂ ਗਈਆਂ ਪਾਬੰਦੀਆਂ ਨੂੰ ਉਸ ਦੀ ਇਕ ਵੱਡੀ ਪ੍ਰਾਪਤੀ ਦੇ ਤੌਰ 'ਤੇ ਪੇਸ਼ ਕਰ ਰਿਹਾ ਹੈ। ਹੁਣ ਤੱਕ ਪੰਜਾਬ ਦੇ ਲੋਕਾਂ ਨੂੰ ਭਰਮ ਸੀ ਕਿ ਕੱਟੜ ਸਿੱਖ ਦੁਸ਼ਮਣ ਪੰਜਾਬ ਕੇਸਰੀ ਗਰੁੱਪ, ਨਵਾਂ ਜ਼ਮਾਨਾ ਦੇ ਜਗਜੀਤ ਸਿੰਘ ਆਨੰਦ, ਲੋਕ ਲਹਿਰ ਦੇ ਸੁਹੇਲ ਸਿੰਘ ਤੋਂ ਬਾਦ ਇੰਡੀਅਨ ਐਕਸਪਰੈਸ ਦਾ ਸੰਪਾਦਕ ਪਰੇਮ ਕੁਮਾਰ ਹੀ ਗਵਰਨਰ ਦੀ ਇਸ ਸਾਜਸ਼ 'ਚ ਭਾਈਵਾਲ ਸੀ। ਗਵਰਨਰ ਨੇ ਪ੍ਰੈਸ 'ਤੇ ਪਾਬੰਦੀ ਲਾਉਣ ਤੋਂ ਬਾਅਦ ਕਿਹਾ ਸੀ ਕਿ ਪੰਜਾਬ 'ਚ ਛਪਦੀਆਂ ਸਾਰੀਆਂ ਅਖਬਾਰਾਂ ਦੇ ਸੰਪਾਦਕਾਂ 'ਚੋਂ ਸਿਰਫ ਇਕ ਸੰਪਾਦਕ ਨੇ ਹੀ ਉਸ ਦੀ ਇਸ ਕਾਰਵਾਈ ਦਾ ਵਿਰੋਧ ਕੀਤਾ ਹੈ। ਨਰਾਇਣਨ ਵਲੋਂ ਗਵਰਨਰ ਦੀ ਇਸ ਨੰਗੀ ਚਿੱਟੀ ਤਾਨਾਸ਼ਾਹੀ ਵਿਰੁੱਧ ਰੋਸ ਮਾਰਚ ਜਥੇਬੰਦ ਕਰਨ ਕਰਕੇ ਪੰਜਾਬ ਦੇ ਲੋਕਾਂ ਦੇ ਮਨਾਂ 'ਚ ਇਹ ਭਰਮ ਪੈਦਾ ਹੋ ਗਿਆ ਸੀ ਕਿ ਸ਼ਾਇਦ ਉਹ ਸੰਪਾਦਕ ਵੀ ਐਨ ਨਰਾਇਣਨ ਹੈ। ਪਰ ਹੁਣ ਨਰਾਇਣਨ ਨੇ ਗਵਰਨਰ ਦੀ ਇਸ ਤਾਨਾਸ਼ਾਹੀ ਵਾਲੀ ਕਾਰਵਾਈ ਨੂੰ ਉਚਿਆ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਪ੍ਰੈਸ ਦੀ ਆਜ਼ਾਦੀ ਦੇ ਹੱਕ 'ਚ ਭੁਗਤਣ ਵਾਲਾ ਸੰਪਾਦਕ ਉਹ ਨਹੀਂ ਸਗੋਂ ਕੋਈ ਹੋਰ ਸੀ।

## ਚੋਣਾਂ ਤੇ ਨਰਾਇਣਨ

ਪੰਜਾਬ ਅੰਦਰ ਚੋਣਾਂ ਕਰਵਾਉਣ ਦੀ ਉਹ ਕਿਉਂ ਵਕਾਲਤ ਕਰਦਾ ਹੈ ਇਸ ਬਾਰੇ ਵੀ ਨਰਾਇਣਨ ਨੇ ਇਸੇ ਲੇਖ 'ਚ ਸਪਸ਼ਟ ਕਰ ਦਿੱਤਾ ਹੈ। ਟ੍ਰਿਬਿਊਨ ਦੇ ਪਾਠਕਾਂ ਨੂੰ ਭੁਲੇਖਾ ਸੀ ਕਿ ਚੋਣਾਂ ਕਰਵਾਉਣ ਦੀ ਮੰਗ ਕਰਨ ਪਿਛੇ

ਉਸ ਦਾ ਮੰਤਵ ਪੰਜਾਬ ਅੰਦਰ ਸਿਆਸੀ ਜਮਹੂਰੀਅਤ ਬਹਾਲ ਕਰਕੇ ਪੰਜਾਬ ਦੀ ਹਕੂਮਤ ਪੰਜਾਬ ਦੇ ਪ੍ਰਤੀਨਿਧਾਂ ਨੂੰ ਸੌਂਪਣਾ ਹੈ। ਪਰ ਇਸ ਵਿਸ਼ੇਸ਼ ਸੰਪਾਦਕੀ ਲੇਖ ਵਿਚ ਨਰਾਇਣਨ ਨੇ ਪੰਜਾਬ ਅੰਦਰ ਚੋਣਾਂ ਕਰਵਾਉਣ ਦੀ ਮੰਗ ਕਰਨ ਪਿੱਛੇ ਛੁਪਿਆ ਆਪਣਾ ਮਕਸਦ ਵੀ ਸਾਫ ਕਰ ਦਿੱਤਾ ਹੈ। ਉਹ ਗਵਰਨਰ ਮਲਹੋਤਰੇ ਵਲੋਂ ਚੋਣਾਂ ਕਰਵਾਉਣ ਦੇ ਫੈਸਲੇ 'ਤੇ ਨਿਹਾਲ ਹੋਇਆ ਲਿਖਦਾ ਹੈ, "ਜਨਰਲ ਮਲਹੋਤਰਾ ਦੀ ਸਭ ਤੋਂ ਵੱਡੀ ਪ੍ਰਾਪਤੀ ਜਿਸ ਨੂੰ ਸ੍ਰੀ ਟੀ. ਐਨ. ਸ਼ੇਸਨ ਨੇ ਹੁਣ ਇਕ ਤਰ੍ਹਾਂ ਨਾਲ ਖਤਮ ਹੀ ਕਰ ਦਿੱਤਾ ਹੈ, ਇਹ ਹੈ ਕਿ ਉਨ੍ਹਾਂ ਨੇ ਪੰਜਾਬ ਦੇ ਮਾਹੌਲ ਵਿਚ ਤਬਦੀਲੀ ਲਿਆਂਦੀ ਹੈ। ਜਿਥੇ ਪਹਿਲਾ ਰਾਜਨੀਤਕ ਪਾਰਟੀਆਂ ਇਨ੍ਹਾਂ ਸਾਰੇ ਮੁਸ਼ਕਲ ਵਰ੍ਹਿਆਂ ਵਿਚ ਲੜਾਈ ਦੇ ਮੈਦਾਨ ਵਿਚੋਂ ਲਾਂਭੇ ਹਟੀਆ ਰਹੀਆ ਸਨ, ਉੱਥੇ ਉਨ੍ਹਾਂ ਨੇ ਰਾਜਨੀਤਕ ਸਰਗਰਮੀਆ ਸ਼ੁਰੂ ਕਰ ਦਿੱਤੀਆਂ ਸਨ ਅਤੇ ਬਹੁਤੇ ਖਾੜਕੂ ਗਰੁੱਪਾਂ, ਜਿਹੜੇ ਪਹਿਲਾਂ ਸਮੱਸਿਆ ਦੇ ਹਿੰਸਕ ਹੱਲ ਉੱਤੇ ਹੀ ਅੜੇ ਹੋਏ ਸਨ, ਨੇ ਵੀ ਮੁੱਖ ਧਾਰਾ ਵਿਚ ਸ਼ਾਮਲ ਹੋਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। **ਜੂਨ ਦੇ ਅੱਧ ਤੱਕ ਉਹ ਕੁਝ ਪ੍ਰਾਪਤ ਕੀਤਾ ਜਾ ਚੁੱਕਾ ਸੀ, ਜਿਸ ਬਾਰੇ ਹੁਣ ਤੱਕ ਸੋਚਿਆ ਵੀ ਨਹੀਂ ਸੀ ਜਾ ਸਕਦਾ। ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਅਨੇਕ ਖਾੜਕੂ ਜਥੇਬੰਦੀਆਂ ਦੇਸ਼-ਵਿਰੋਧੀ ਖਾੜਕੂਆਂ ਵਿਰੁੱਧ ਚੋਣਾਂ ਵਿਚ ਡਟੀਆਂ ਖੜ੍ਹੀਆਂ ਸਨ।"**

ਇਹ ਹੈ ਨਰਾਇਣਨ ਦਾ ਪੰਜਾਬ ਅੰਦਰ ਚੋਣਾਂ ਕਰਵਾਉਣ ਦੀ ਮੰਗ ਕਰਨ ਦਾ ਮੰਤਵ, ਜਿਸ ਨੂੰ ਉਹ ਗਵਰਨਰ ਦੀ ਸਭ ਤੋਂ ਵੱਡੀ ਪ੍ਰਾਪਤੀ ਕਹਿ ਕੇ ਵਡਿਆ ਰਿਹਾ ਹੈ। ਉਹ ਸਿੱਖਾਂ ਵਿਚ ਪਾੜ ਪਵਾ ਕੇ ਉਨ੍ਹਾਂ ਨੂੰ ਇਕ ਦੂਜੇ ਦੇ ਵਿਰੁੱਧ ਖੜੇ ਕਰਨਾ ਚਾਹੁੰਦਾ ਹੈ। ਉਹ ਕੁਰਸੀਆਂ ਦੇ ਲਾਲਚੀ ਸਿੱਖਾਂ ਦੇ ਇਕ ਹਿੱਸੇ ਨੂੰ ਗੱਦੀਆਂ ਦਾ ਲਾਲਚ ਦੇ ਕੇ ਖਾੜਕੂਆਂ ਦੇ ਗਲ ਪੁਆਉਣਾ ਚਾਹੁੰਦਾ ਹੈ ਤਾਂ ਕਿ ਖਾੜਕੂਆਂ ਨੂੰ ਆਪਸ ਵਿਚ ਲੜਾ ਕੇ ਖਤਮ ਕੀਤਾ ਜਾ ਸਕੇ। ਖਾੜਕੂਆਂ ਨੂੰ ਆਪੋ ਵਿਚੀ ਲੜਾਉਣ ਨੂੰ ਹੀ ਉਹ ਗਵਰਨਰ ਦੀ ਏਡੀ ਵੱਡੀ ਪ੍ਰਾਪਤੀ ਦਸਦਾ ਹੈ ਜਿਸ ਬਾਰੇ "ਹੁਣ ਤਕ ਸੋਚਿਆ ਵੀ ਨਹੀਂ ਸੀ ਜਾ ਸਕਦਾ।"

## ਜਾਬਰਾਂ ਦੀ ਵਕਾਲਤ

ਇਉਂ ਹੀ ਵੀ. ਐਨ. ਨਰਾਇਣਨ ਗਵਰਨਰ ਜਨਰਲ ਮਲਹੋਤਰੇ ਵਲੋਂ ਪੰਜਾਬ ਅੰਦਰ ਢਾਹੇ ਗਏ ਜਬਰ ਜ਼ੁਲਮ ਨੂੰ ਨਾ ਸਿਰਫ ਜਾਇਜ਼ ਠਹਿਰਾਉਂਦਾ ਹੈ ਸਗੋਂ ਇਹ ਕੁਝ ਕਰਨ ਲਈ ਉਸ ਦੀਆਂ ਸਿਫਤਾਂ ਦੇ ਪੁਲ ਬੰਨਦਾ ਹੈ। ਉਹ ਗਵਰਨਰ ਦੀ ਪ੍ਰਸੰਸਾ ਕਰਦਾ ਕਹਿੰਦਾ ਹੈ ਕਿ ਉਸ ਨੇ ਕਿੰਨੀ ਵੱਡੀ ਪੱਧਰ 'ਤੇ ਖਾੜਕੂ ਕਤਲ ਕੀਤੇ। ਉਸ ਨੂੰ ਇਸ ਗੱਲ ਨਾਲ ਵੀ ਕੋਈ ਸਰੋਕਾਰ ਨਹੀਂ ਕਿ ਇਨ੍ਹਾਂ ਖਾੜਕੂਆਂ 'ਚੋਂ ਕਿੰਨਿਆ ਨੂੰ ਝੂਠੇ ਮੁਕਾਬਲਿਆਂ 'ਚ ਕਤਲ ਕੀਤਾ ਗਿਆ ਹੈ। ਉਸ ਨੂੰ ਤਾਂ ਇਸ ਗੱਲ 'ਤੇ ਖੁਸ਼ੀ ਹੈ ਕਿ ਮਲਹੋਤਰੇ ਦੇ ਸਮੇਂ ਦੌਰਾਨ ਖਾੜਕੂਆਂ ਦਾ ਵੱਡੀ ਪੱਧਰ 'ਤੇ ਸਫਾਇਆ ਕੀਤਾ ਗਿਆ। ਆਪਣੀ ਇਸ ਖੁਸ਼ੀ ਨੂੰ ਉਹ "ਕਰੂਰ ਅੰਕੜੇ" ਦੇ ਕੇ ਜਾਹਰ ਕਰਦਾ ਹੈ। ਗਵਰਨਰ ਦੇ ਗੁਣਗਾਨ ਕਰਦਾ ਉਹ ਲਿਖਦਾ ਹੈ, "ਇਸ ਵਿਚ ਸ਼ੱਕ ਨਹੀਂ ਕੇ (ਉਸ ਦੇ ਸਮੇਂ ਦੌਰਾਨ) ਰਾਜ ਵਿਚ ਕਤਲ ਵੱਡੀ ਗਿਣਤੀ 'ਚ ਹੋ ਰਹੇ ਸਨ। ਪਰ ਕਰੂਰ ਅੰਕੜਿਆਂ ਦੇ ਅਰਥਾਂ ਵਿਚ ਕਤਲਾਂ ਦੀ ਵੱਡੀ ਗਿਣਤੀ ਸੁਰੱਖਿਆ ਦਲਾਂ ਹੱਥੋਂ ਖਾੜਕੂਆਂ ਦੇ ਮਰਨ ਦੀ ਉੱਚੀ ਦਰ ਕਰਕੇ ਸੀ।" ਇਸ ਤੋਂ ਬਾਅਦ ਉਹ "ਕਰੂਰ ਅੰਕੜਿਆ" ਦੀ ਸਾਰਨੀ ਦੇ ਕੇ ਸਪਸ਼ਟ ਕਰਦਾ ਹੈ ਕਿ ਮਲਹੋਤਰੇ ਨੇ ਚਾਰ ਮਹੀਨਿਆਂ (ਫਰਵਰੀ 91 ਤੋਂ ਲੈ ਕੇ ਮਈ 91 ਤੱਕ) ਦੌਰਾਨ ਕਰਮਵਾਰ 169+202 +150+208 ਭਾਵ ਕੁਲ 729 ਖਾੜਕੂ ਮਾਰੇ।

ਚੰਦਰ ਸੇਖਰ-ਮਲਹੋਤਰਾ ਜੁੰਡਲੀ, ਜਿਸ ਨੇ ਆਉਂਦਿਆਂ ਹੀ ਪੰਜਾਬ ਅੰਦਰ ਫੌਜ ਤਾਇਨਾਤ ਕੀਤੀ, ਪ੍ਰੈਸ ਦੀ ਆਜ਼ਾਦੀ ਕੁਚਲੀ, ਝੂਠੇ ਪੁਲਿਸ ਮੁਕਾਬਲਿਆਂ ਦੀ ਦਰ ਵਧਾਈ, ਧੀਆ ਭੈਣਾਂ ਦੀ ਬੇਪਤੀ ਜਾਰੀ ਰੱਖੀ, ਮਾਸੂਮ ਲੋਕਾਂ 'ਤੇ ਬੇ ਤਹਾਸ਼ਾ ਜਬਰ ਕੀਤਾ, ਲੋਪੋਕੇ, ਨੱਥੂ ਕੇ ਬੁਰਜ, ਰਟੌਲ ਤੇ ਸੰਘਾ ਵਿਚ ਫੌਜੀ ਜਬਰ ਦੀਆਂ ਮਿਸਾਲਾਂ ਕਾਇਮ ਕੀਤੀਆਂ, ਉਸ ਜੁੰਡਲੀ ਦੀ ਤਾਰੀਫ਼ ਕਰਦਿਆਂ ਆਪਣੇ ਇਸੇ ਲੇਖ 'ਚ ਨਰਾਇਣਨ ਲਿਖਦਾ ਹੈ, "ਸ੍ਰੀ ਚੰਦਰ ਸ਼ੇਖਰ ਅਤੇ ਜਨਰਲ ਮਲਹੋਤਰਾਂ ਦਾ ਸੁਮੇਲ ਪਹਿਲੀ ਅਜਿਹੀ ਟੋਲੀ ਸੀ ਜਿਹੜੀ ਇਕੋ ਸਮੇਂ ਪੰਜਾਬ ਵਿਚ ਖਾੜਕੂਆਂ ਨਾਲ ਲੜ ਰਹੀ ਸੀ ਅਤੇ ਦਿੱਲੀ ਬੈਠ ਕੇ ਖਾੜਕੂਪੁਣੇ ਨਾਲ ਨਜਿੱਠ ਰਹੀ ਸੀ। ਇਹ ਅਮਲ ਹੁਣ ਅੱਧ ਵਿਚਾਲੇ ਹੀ ਰੁਕ ਗਿਆ ਹੈ।"

[ਇਹ ਹੈ ਵੀ. ਐਨ. ਨਰਾਇਣਨ ਦਾ ਜਮਹੂਰੀ ਚਿਹਰਾ।]

**ਜ਼ਰੂਰੀ ਸੂਚਨਾ**

ਜਨਤਕ ਪੈਗਾਮ ਦਾ ਸਾਲਾਨਾ ਚੰਦਾ 50 ਰੁਪਏ ਹੈ। ਚਿੱਠੀ ਪੱਤਰ ਕਰਨ ਤੇ ਚੰਦਾ ਭੇਜਣ ਲਈ ਨਵਾਂ ਪਤਾ ਹੈ :

ਨਵਦੀਪ ਸਿੰਘ ਬਿੱਟੂ,
ਪਿੰਡ ਤੇ ਡਾਕਖਾਨਾ ਸਰਕੋਦੀ,
ਜ਼ਿਲ੍ਹਾ ਸੰਗਰੂਰ, 148026।

# ਕੌਮਾਂਤਰੀ ਮੁਦਰਾ ਫੰਡ ਆਈ. ਐਮ. ਐਫ. ਕੀ ਬਲਾ ਹੈ ?

—ਗੁਰਪਰਤਾਪ ਸਿੰਘ

ਅੱਜ ਕੱਲ ਅਖਬਾਰਾਂ ਵਿਚ ਤੇ ਟੈਲੀਵੀਜਨ 'ਤੇ ਕੌਮਾਂਤਰੀ ਮੁਦਰਾ ਫੰਡ (ਆਈ. ਐਮ. ਐਫ.) ਦੀ ਖੂਬ ਚਰਚਾ ਚਲ ਰਹੀ ਹੈ। ਪ੍ਰਧਾਨ ਮੰਤਰੀ ਨਰਸਿਮਹਾ ਰਾਓ ਅਤੇ ਖਜਾਨਾ ਮੰਤਰੀ ਮਨਮੋਹਨ ਸਿੰਘ ਦੇਸ ਨੂੰ ਦਰਪੇਸ਼ ਗੰਭੀਰ ਆਰਥਕ ਸੰਕਟ ਉੱਤੇ ਇਸ ਸੰਸਥਾ ਦੀ ਮਦਦ ਨਾਲ ਕਾਬੂ ਪਾ ਲੈਣ ਦੇ ਵਾਰ ਵਾਰ ਐਲਾਨ ਕਰ ਰਹੇ ਹਨ। ਮੰਤਰੀਆਂ ਦੇ ਇਹਨਾਂ ਐਲਾਨਾਂ ਤੋਂ ਇੰਝ ਲਗਦਾ ਹੈ ਕਿ ਕੌਮਾਂਤਰੀ ਮੁਦਰਾ ਫੰਡ ਇਕ ਅਜਿਹੀ ਦਾਨੀ ਸੰਸਥਾ ਹੈ ਜਿਸ ਦਾ ਕੰਮ ਗਰੀਬ-ਗੁਰਬੇ ਤੇ ਕੰਗਾਲ ਦੇਸ਼ਾਂ ਦੀ ਔਖੀ ਘੜੀ ਵੇਲੇ ਸਹਾਇਤਾ ਕਰਨਾ ਹੈ। ਦੂਸਰੇ ਪਾਸੇ ਕੁਝ ਹਲਕਿਆਂ ਖਾਸ ਕਰਕੇ ਅਰਥ-ਸ਼ਾਸਤਰੀਆਂ ਦੇ ਇਕ ਤਕੜੇ ਹਿੱਸੇ ਵੱਲੋਂ ਇਸ ਸੰਸਥਾ ਤੋਂ ਕਿਸੇ ਵੀ ਕਿਸਮ ਦੀ ਕੋਈ "ਸਹਾਇਤਾ" ਲੈਣ ਦਾ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ। ਆਉਣ ਵਾਲੇ ਦਿਨਾਂ ਅੰਦਰ ਇਸ ਮਸਲੇ 'ਤੇ ਸਿਆਸੀ ਅਤੇ ਬੌਧਿਕ ਹਲਕਿਆਂ ਅੰਦਰ ਗਰਮਾ-ਗਰਮ ਬਹਿਸ ਛਿੜ ਜਾਣ ਦੇ ਅਸਾਰ ਸਾਹਮਣੇ ਆ ਰਹੇ ਹਨ। ਕੌਮਾਂਤਰੀ ਮੁਦਰਾ ਫੰਡ ਤੋਂ "ਸਹਾਇਤਾ" ਲੈਣ ਜਾ ਨਾ ਲੈਣ ਦੇ ਮਾਸਲੇ 'ਤੇ ਚਲਣ ਵਾਲੀ ਇਹ ਬਹਿਸ ਜੇ ਦੇਸ ਦੇ ਕੁਝ ਹਿੱਸਿਆਂ ਅਦਰ ਲੋਕ ਅੰਦੋਲਨਾਂ ਦਾ ਰੂਪ ਧਾਰਨ ਕਰ ਗਈ ਤਾਂ ਇਸ ਵਿਚ ਹੈਰਾਨੀ ਵਾਲੀ ਕੋਈ ਗੱਲ ਨਹੀਂ ਹੋਵੇਗੀ। ਦੁਨੀਆਂ ਦੇ ਹੋਰਨਾਂ ਦੇਸ਼ਾਂ ਅੰਦਰ ਅਕਸਰ ਹੀ ਇਸ ਤਰ੍ਹਾਂ ਵਾਪਰਦਾ ਆ ਰਿਹਾ ਹੈ। ਅਜਿਹਾ ਕਿਉਂ ਵਾਪਰਦਾ ਹੈ ? ਇਹ ਜਾਨਣ ਲਈ ਇਹ ਸਮਝਣਾ ਜਰੂਰੀ ਹੈ ਕਿ ਕੌਮਾਂਤਰੀ ਮੁਦਰਾ ਫੰਡ ਕੀ ਬਲਾ ਹੈ ? ਇਹ ਕਿਵੇਂ ਕੰਮ ਕਰਦੀ ਹੈ ?

ਕੌਮਾਂਤਰੀ ਮੁਦਰਾ ਫੰਡ ਇਕ ਸੰਸਾਰ ਪੱਧਰੀ ਵਿਤੀ ਸੰਸਥਾ ਹੈ। ਇਹ ਕੋਈ 47 ਕੁ ਸਾਲ ਪਹਿਲਾਂ ਦੂਸਰੀ ਸੰਸਾਰ ਜੰਗ ਦੇ ਖਾਤਮੇ ਸਮੇਂ ਹੋਂਦ ਵਿਚ ਆਈ ਸੀ। ਇਹ ਸੰਸਥਾ ਨੂੰ ਕਾਇਮ ਕਰਨ ਵਿਚ ਮੁੱਖ ਰੋਲ ਅਮਰੀਕਾ ਅਤੇ ਉਹਨਾਂ ਪੱਛਮੀ ਯੂਰਪੀ ਦੇਸ਼ਾਂ ਨੇ ਨਿਭਾਇਆ ਸੀ ਜੋ ਦੂਸਰੀ ਸੰਸਾਰ ਜੰਗ ਵਿਚ ਜੇਤੂ ਹੋ ਕੇ ਨਿਕਲੇ ਸਨ। ਇਸ ਦਾ ਕਾਰਜ ਇਸਦੇ ਬਣਨ ਵਾਲੇ ਉਹਨਾਂ ਦੇਸ਼ਾਂ ਦੀ ਕਰਜਿਆਂ ਦੇ ਰੂਪ ਵਿਚ ਸਹਾਇਤਾ ਕਰਨਾ ਮਿਥਿਆ ਗਿਆ ਸੀ ਜਿਹਨਾਂ ਦੀਆਂ ਆਰਥਕਤਾਵਾਂ ਨੂੰ ਦੂਸਰੀ ਸੰਸਾਰ ਜੰਗ ਦੇ ਸਿੱਟੇ ਵਜੋਂ ਵੱਡੇ ਹਰਜੇ ਪਹੁੰਚੇ ਸਨ ਜਾਂ ਜੋ ਗੰਭੀਰ ਆਰਥਕ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਸਨ। ਅਜਿਹਾ ਕਰਨ ਲਈ ਇਸ ਨੇ ਇਕ ਕੌਮਾਂਤਰੀ ਫੰਡ ਕਾਇਮ ਕਰਨਾ ਸੀ। ਜਿਸ ਅਨੁਪਾਤ ਵਿਚ ਕਿਸੇ ਦੇਸ਼ ਨੇ ਇਸ ਫੰਡ ਵਿਚ ਆਪਣਾ ਹਿੱਸਾ ਪਾਉਣਾ ਸੀ ਉਸੇ ਹੀ ਅਨੁਪਾਤ ਵਿਚ ਉਸਦੀ ਕੌਮਾਂਤਰੀ ਮੁਦਰਾ ਫੰਡ ਦੀ ਗਵਰਨਿੰਗ ਬਾਡੀ ਵਿਚ ਨੁਮਾਇੰਦਗੀ ਹੋਣੀ ਸੀ।

ਦੂਸਰੀ ਸੰਸਾਰ ਜੰਗ ਦੇ ਸਿੱਟੇ ਵਜੋਂ ਅਮਰੀਕਾ ਦੁਨੀਆਂ ਦੀ ਸਭ ਤੋਂ ਵੱਡੀ ਆਰਥਕ ਤਾਕਤ ਵਜੋਂ ਉਭਰਿਆ ਸੀ। ਇਸ ਲਈ ਫੰਡ ਵਿਚ ਮੁੱਖ ਹਿੱਸਾ ਪਾਉਣ ਦੀ ਹਾਲਤ ਵਿਚ ਵੀ ਇਹੀ ਦੇਸ਼ ਸੀ। ਫੰਡ ਵਿਚ ਸਭ ਤੋਂ ਵੱਡਾ ਹਿੱਸਾ ਪਾਉਣ ਕਰਕੇ ਅਮਰੀਕਾ ਨੇ ਸ਼ੁਰੂ ਵਿਚ ਹੀ ਫੰਡ ਦੀ ਗਵਰਨਿੰਗ ਬਾਡੀ ਵਿਚ ਭਾਰੂ ਹੈਸੀਅਤ ਹਾਸਲ ਕਰ ਲਈ ਸੀ ਜੋ ਕਿ ਅੱਜ ਤਕ ਵੀ ਕਾਇਮ ਹੈ। ਗਵਰਨਿੰਗ ਬਾਡੀ ਵਿਚ ਆਪਣੀ ਇਸ ਭਾਰੂ ਹੈਸੀਅਤ ਸਦਕਾ ਅਮਰੀਕਾ ਕੌਮਾਂਤਰੀ ਮੁਦਰਾ ਫੰਡ ਤੋਂ ਕਰਜੇ ਲੈਣ ਵਾਲੇ ਇਸ ਦੇ ਮੈਂਬਰ ਦੇਸ਼ਾਂ (ਜਿਹਨਾਂ ਦੀ ਗਿਣਤੀ ਅਜ ਕੱਲ 155 ਤੱਕ ਪਹੁੰਚ ਗਈ ਹੈ) ਦੀਆਂ ਆਰਥਕ ਨੀਤੀਆਂ ਨੂੰ ਪ੍ਰਭਾਵਤ ਤੇ ਨਿਰਧਾਰਿਤ ਕਰਦਾ ਆ ਰਿਹਾ ਹੈ। ਕੌਮਾਂਤਰੀ ਮੁਦਰਾ ਫੰਡ ਦੇ ਤਹਿਸ਼ੁਦਾ ਨਿਯਮਾਂ ਮੁਤਾਬਕ ਕਰਜਾ ਸਿਰਫ ਉਸ ਮੈਂਬਰ ਦੇਸ ਨੂੰ ਹੀ ਦਿਤਾ ਜਾਂਦਾ ਹੈ ਜੋ ਇਸਦੀਆਂ ਸ਼ਰਤਾਂ ਮੁਤਾਬਕ ਆਪਣੀਆਂ ਆਰਥਕ ਨੀਤੀਆਂ ਨੂੰ ਤਬਦੀਲ ਕਰਦਾ ਹੈ। ਕੌਮਾਂਤਰੀ ਮੁਦਰਾ ਫੰਡ ਦੀ ਗਵਰਨਿੰਗ ਬਾਡੀ ਵਿਚ ਭਾਰੂ ਹੈਸੀਅਤ ਹੋਣ ਕਰਕੇ ਸ਼ਰਤਾਂ ਨੂੰ ਤਹਿ ਕਰਨ ਵਿਚ ਕਾਰਗਰ ਰੋਲ ਅਮਰੀਕੀ ਨੁਮਾਇੰਦਿਆਂ ਦਾ ਹੀ ਹੁੰਦਾ ਹੈ। ਇਸ ਤਰ੍ਹਾਂ ਜਿਹੜਾ ਕੰਮ ਸੰਸਾਰ ਜੰਗ ਤੋਂ ਪਹਿਲਾਂ ਪੱਛਮੀ ਯੂਰਪੀ ਦੇਸ਼ ਆਪਣੇ ਗੁਲਾਮ ਦੇਸ਼ਾਂ ਅੰਦਰ ਆਪਣੀ ਫੌਜੀ ਸ਼ਕਤੀ ਦੇ ਆਸਰੇ ਕਰਦੇ ਸਨ, ਉਹੀ ਕੰਮ ਅਮਰੀਕਾ ਜੰਗ ਤੋਂ ਬਾਅਦ ਆਪਣੀ ਆਰਥਕ ਸ਼ਕਤੀ ਦੇ ਬਲਬੋਤੇ, ਆਰਥਕ ਸੰਕਟ ਵਿਚ ਫਸਣ ਵਾਲੇ ਦੇਸ਼ਾਂ ਅੰਦਰ ਕੌਮਾਂਤਰੀ ਮੁਦਰਾ ਫੰਡ (ਅਤੇ ਇਸ ਵਰਗੀਆਂ ਕੁਝ ਸੰਸਾਰ ਪੱਧਰੀ ਸੰਸਥਾਵਾਂ) ਰਾਹੀ ਕਰ ਰਿਹਾ ਹੈ। ਫੌਜੀ ਸ਼ਕਤੀ ਦੀ ਥਾਂ ਆਰਥਕ ਸ਼ਕਤੀ ਰਾਹੀਂ ਦੂਸਰੇ ਦੇਸ਼ਾਂ ਦੀਆਂ ਆਰਥਕ (ਅਤੇ ਸਿਆਸੀ) ਨੀਤੀਆਂ ਨੂੰ ਪ੍ਰਭਾਵਤ ਅਤੇ ਨਿਰਧਾਰਤ ਕਰਨ ਦੇ ਵਰਤਾਰੇ ਨੂੰ ਅਜੋਕੀ ਰਾਜਨੀਤਕ ਸ਼ਬਦਾਵਲੀ ਵਿਚ ਨਵ-ਬਸਤੀਵਾਦ ਕਿਹਾ ਜਾਂਦਾ ਹੈ।

ਕੌਮਤਰੀ ਮੁਦਰਾ ਫੰਡ ਬਾਰੇ 26 ਜੂਨ ਦੇ ਅੰਗਰੇਜੀ

ਅਖਬਾਰ ਟਾਈਮਜ਼ ਆਫ ਇੰਡੀਆ ਵਿਚ ਇਕ ਛਪੀ ਖਬਰ ਵਿਚ ਵੀ ਦੱਸਿਆ ਗਿਆ ਹੈ ਕਿ ਸਰਕਾਰਾਂ ਦੀਆਂ ਨੀਤੀਆਂ ਨੂੰ ਬਦਲਣਾ ਮੁਦਰਾ ਫੰਡ ਦੇ ਮੁੱਖ ਕੰਮਾਂ ਵਿਚੋਂ ਇਕ ਹੈ। ਮੁਦਰਾ ਫੰਡ ਦੇ ਅਧਿਕਾਰੀ ਸੰਕਟ ਵਿਚ ਫਸੀ ਹੋਈ ਸਰਕਾਰ ਦੇ ਆਗੂਆਂ ਨਾਲ ਬੈਠਕੇ ਨਵੀਆਂ ਨੀਤੀਆਂ ਘੜ ਕੇ ਦਿੰਦੇ ਹਨ। ਇਹਨਾਂ ਨਵੀਆਂ ਨੀਤੀਆਂ ਵਿਚ ਅਨਾਜ ਅਤੇ ਹੋਰਨਾਂ ਬੁਨਿਆਦੀ ਵਸਤੂਆਂ 'ਤੇ ਦਿਤੀਆਂ ਜਾ ਰਹੀਆਂ ਸਰਕਾਰੀ ਸਬਸਿਡੀਆਂ ਵਿਚ ਕਟੌਤੀ ਸਰਕਾਰੀ ਮੁਲਾਜਮਾਂ 'ਤੇ ਆ ਰਹੇ ਖਰਚਿਆਂ (ਭਾਵ ਤਨਖਾਹਾਂ-ਲੇਖਕ) 'ਤੇ ਕਟੌਤੀ ਸਰਕਾਰੀ ਖੇਤਰ ਦੀਆਂ ਸਨਅਤਾਂ ਨੂੰ ਨਿੱਜੀ ਸਨਅਤਕਾਰਾਂ ਕੋਲ ਵੇਚਣਾ ਸ਼ਾਮਲ ਹੁੰਦਾ ਹੈ। ਸਬੰਧਤ ਦੇਸ਼ ਦੀ ਕਰੰਸੀ ਦੀ ਕੀਮਤ ਵੀ ਘਟਾ ਦਿੱਤੀ ਜਾਂਦੀ ਹੈ।

ਅਨਾਜ ਅਤੇ ਆਮ ਵਰਤੋਂ ਵਾਲੀਆਂ ਹੋਰਨਾਂ ਬੁਨਿਆਦੀ ਵਸਤੂਆਂ 'ਤੇ ਮਿਲਣ ਵਾਲੀ ਸਰਕਾਰੀ ਸਬਸਿਡੀ ਵਿਚ ਕਟੌਤੀ ਕਰਨ ਨਾਲ ਇਹਨਾਂ ਜ਼ਰੂਰੀ ਵਸਤੂਆਂ ਦੀ ਕੀਮਤਾਂ ਵਿਚ ਭਾਰੀ ਵਾਧਾ ਹੋ ਜਾਂਦਾ ਹੈ। ਇਸ ਦੇ ਨਾਲ ਹੀ ਸਰਕਾਰੀ ਮੁਲਾਜ਼ਮਾਂ 'ਤੇ ਆ ਰਹੇ ਖਰਚਿਆਂ ਵਿਚ ਕਟੌਤੀ ਹੋਣ ਨਾਲ ਤਨਖਾਹਾਂ ਜਾਮ ਹੋ ਜਾਂਦੀਆਂ ਹਨ ਜਾ ਉਹਨਾਂ ਨੂੰ ਖੋਰਾ ਪੈ ਜਾਂਦਾ ਹੈ। ਇਸ ਨਾਲ ਸਧਾਰਨ ਲੋਕਾਂ ਅਤੇ ਮੱਧ ਵਰਗ ਨੂੰ ਤਕੜੀ ਸੱਟ ਵਜਦੀ ਹੈ ਅਤੇ ਉਹਨਾਂ ਦਾ ਜੀਊਣਾ ਪਹਿਲਾਂ ਨਾਲੋਂ ਵੀ ਦੂਭੱਰ ਹੋ ਜਾਂਦਾ ਹੈ। ਇਸੇ ਕਰਕੇ ਹੀ ਕੌਮਾਂਤਰੀ ਮੁਦਰਾ ਫੰਡ ਤੋਂ ਕਰਜੇ ਚੁੱਕਣ ਵਾਲੀਆਂ ਸਰਕਾਰਾਂ ਦੇ ਖਿਲਾਫ ਇਹਨਾਂ ਤਬਕਿਆਂ ਵੱਲੋਂ ਅਕਸਰ ਹੀ ਵਿਆਪਕ ਅੰਦੋਲਨ ਵਿਢ ਦਿਤੇ ਜਾਂਦੇ ਹਨ। ਸੰਸਾਰ ਭਰ ਅੰਦਰ ਅਜਿਹੇ ਅੰਦੋਲਨ ਕੁਦਰਤੀ ਅਤੇ ਆਮ ਜਿਹੀ ਗੱਲ ਬਣ ਚੁੱਕੀ ਹੈ। ਕੌਮਾਂਤਰੀ ਪ੍ਰੈਸ ਨੇ ਇਹਨਾਂ ਲਈ ਅਨੋਖਾ ਸ਼ਬਦ ਆਈ. ਐਮ. ਐਫ. ਰਾਇਟਸ "ਭਾਵ ਆਈ. ਐਮ. ਐਫ. ਦੰਗੇ" ਘੜ ਲਿਆ ਹੈ।

ਕੌਮਾਂਤਰੀ ਮੁਦਰਾ ਫੰਡ ਵੱਲੋਂ ਸਾਰਾ ਕਰਜਾ ਇਕੋ ਹੀ ਵਾਰ ਨਹੀਂ ਦਿਤਾ ਜਾਂਦਾ। ਇਹ ਕਿਸ਼ਤਾਂ ਵਿਚ ਦਿਤਾ ਹੈ। ਕਿਸ਼ਤਾਂ ਵਿਚ ਤਿੰਨ ਤਿੰਨ ਮਹੀਨੇ ਦਾ ਵਕਫਾ ਹੁੰਦਾ ਹੈ। ਜੇ ਕਰ ਕੋਈ ਸਰਕਾਰ ਲੋਕਾਂ ਦੇ ਦਬਾ ਹੇਠ ਆ ਕੇ ਮੁਦਰਾ ਫੰਡ ਦੀਆਂ ਸ਼ਰਤਾਂ ਨੂੰ ਲਾਗੂ ਕਰਨ ਤੋਂ ਪੈਰ ਪਿਛਾਂਹ ਖਿਚਣ ਲਗ ਪਵੇ ਤਾਂ ਉਸ ਨੂੰ ਅਗਲੀ ਕਿਸ਼ਤ ਨਹੀਂ ਦਿੱਤੀ ਜਾਂਦੀ। ਬਾਕੀ ਰਹਿੰਦਾ ਕਰਜਾ ਮਨਸੂਖ ਕਰ ਦਿਤਾ ਜਾਂਦਾ ਹੈ। □

(ਸਫਾ 10 ਦੀ ਬਾਕੀ)

[ਸ. ਸਿਮਰਨਜੀਤ ਸਿੰਘ...]

ਪੂਰੀ ਤਰ੍ਹਾਂ ਸਾਫ ਨਹੀਂ ਹਨ ਕਿ ਤਲਵਾਰ ਤੇ ਵਿਚਾਰ ਦਾ, ਅਤੇ ਗੋਲੀ ਤੇ ਸਿਆਸਤ ਦਾ ਸੁਮੇਲ ਕਿਸ ਤਰ੍ਹਾਂ ਕੀਤਾ ਜਾਵੇ? ਇਹ ਮਸਲਾ ਜਿੰਨਾ ਮਹੱਤਵਪੂਰਨ ਹੈ, ਓਨਾ ਹੀ ਗੁੰਝਲਦਾਰ ਹੈ। ਇਸ ਮਸਲੇ ਨੂੰ ਠੀਕ ਰੂਪ 'ਚ ਨਾ ਹੱਲ ਕਰ ਸਕਣਾ ਖਾੜਕੂ ਲਹਿਰ ਦੀ ਮਿਆਦੀ ਕਮਜ਼ੋਰੀ ਬਣੀ ਹੋਈ ਹੈ। ਖਾੜਕੂ ਵੀਰਾਂ ਨੂੰ ਨਾਂਹ-ਪੱਖੀ ਪੜਚੋਲ ਉੱਤੇ ਇਕਪਾਸੜ ਰੱਦ ਦੇਣ ਦੀ ਬਜਾਇ ਇਸ ਮਸਲੇ ਦੇ ਹੱਲ ਲਈ ਗੰਭੀਰਤਾ ਨਾਲ ਯਤਨਸ਼ੀਲ ਹੋਣ ਦੀ ਲੋੜ ਹੈ। ਜਿੰਨਾ ਚਿਰ ਖਾੜਕੂ ਲਹਿਰ ਅੰਦਰਲੇ ਸੁਹਿਰਦ ਹਿੱਸਿਆ ਵਲੋਂ ਖਰਾ ਬਦਲ ਸਾਹਮਣੇ ਨਹੀਂ ਆਉਂਦਾ, ਉਨਾ ਚਿਰ ਗਲਤ ਰੁਝਾਨਾਂ ਨੂੰ ਪਛਾੜਨ ਵਿਚ ਮੁਕੰਮਲ ਸਫਲਤਾ ਹਾਸਲ ਨਹੀਂ ਹੋ ਸਕਦੀ।

## ...ਛਾਨਣੀ ਕਿਉਂ ਬੋਲੇ

ਪੰਜਾਬ ਅਤੇ ਪੰਥ ਦੀ ਆਜ਼ਾਦੀ ਲਈ ਸੱਚੇ ਦਿਲੋਂ ਲੜਨ ਵਾਲੀਆਂ ਤਾਕਤਾਂ ਦੀ ਸ: ਮਾਨ ਵਿਰੁੱਧ ਔਖ ਤੇ ਪੜਚੋਲ ਸਮਝ 'ਚ ਆਉਣ ਵਾਲੀ ਹੈ। ਪਰ ਸ: ਮਾਨ ਨੂੰ ਖਾੜਕੂਆਂ ਦੇ ਹੱਲੇ ਹੇਠ ਆਇਆ ਦੇਖ ਕੇ ਕੁਝ ਮੌਕਾਪ੍ਰਸਤ ਤਾਕਤਾਂ ਜੋ ਹਾਲਾਤ ਦੇ ਸੇਕ ਤੋਂ ਡਰਦੀਆਂ ਆਪਣੀਆਂ ਖੁਡਾਂ ਅੰਦਰ ਆਰਾਮ ਫਰਮਾ ਰਹੀਆਂ ਹੁੰਦੀਆਂ ਹਨ, ਮੌਕੇ ਦਾ ਲਾਹਾ ਲੈਣ ਲਈ ਖੁਡਾਂ 'ਚੋਂ ਬੂਥੀਆਂ ਬਾਹਰ ਕੱਢ ਕੇ ਸ: ਮਾਨ ਵਿਰੁੱਧ ਉੱਚੀ-ਉੱਚੀ ਬਕੜਵਾਹ ਕਰਨ ਲੱਗ ਪੈਂਦੀਆਂ ਹਨ। ਇਨ੍ਹਾਂ ਤਾਕਤਾਂ ਵਿਚ ਨਾਮੀ ਮੌਕਾਪ੍ਰਸਤਾਂ ਤੋਂ ਲੈ ਕੇ ਕੇਂਦਰ ਦੇ ਬਦਨਾਮ ਜੋਟੀਦਾਰਾਂ ਤੱਕ ਅਤੇ ਪੰਥ-ਵੈਰੂ ਸਿਆਸਤਦਾਨਾਂ ਤੋਂ ਲੈ ਕੇ 'ਹਰਮਨ ਪਿਆਰੇ' ਪੰਥ-ਡੋਬੂ ਸੰਪਾਦਕਾਂ ਤੱਕ, ਬਹੁਤ ਵੰਨਗੀਆਂ ਦੇ ਲੋਕ ਸ਼ਾਮਲ ਹਨ। ਉਨ੍ਹਾਂ ਦਾ ਸ: ਮਾਨ ਨਾਲ ਸ਼ਰੀਕਾ ਸਾੜਾ ਤੇ ਵਿਰੋਧ ਵੱਖਰੀ ਕਿਸਮ ਦਾ ਹੈ। ਸੱਚੇ ਆਜ਼ਾਦੀ ਘੁਲਾਟੀਆਂ ਦਾ ਇਹ ਫਰਜ਼ ਬਣਦਾ ਹੈ ਕਿ ਉਹ "ਛੱਜ" ਦੇ ਨਾਲ ਭੁੜਕ ਰਹੀਆਂ ਇਹਨਾਂ "ਛਾਨਣੀਆਂ" ਨੂੰ ਆਪਣੀ ਅਸਲੀ ਔਕਾਤ ਦਾ ਚੇਤਾ ਕਰਾਉਂਦੇ ਰਹਿਣ ਲਈ ਇਹਨਾਂ ਵਿਰੁੱਧ ਸਿਧਾਂਤਕ ਗੋਲਾਬਾਰੀ ਦੇ ਕਾਰੋਬਾਰ ਨੂੰ ਇਕ ਪਲ ਲਈ ਵੀ ਢਿੱਲਾ ਨਾ ਪੈਣ ਦੇਣ।

---

ਮਾਲਕ ਤੇ ਪ੍ਰਕਾਸ਼ਕ ਨਵਦੀਪ ਸਿੰਘ ਬਿੱਟੂ ਨੇ ਜੇ. ਜੇ. ਪ੍ਰਿੰਟਰਜ਼ ਲੁਧਿਆਣਾ ਤੋਂ ਛਪਵਾ ਕੇ ਪ੍ਰਕਾਸ਼ਤ ਕੀਤਾ।

### ਖਾੜਕੂ ਵੀਰਾਂ ਦੇ ਨਾਂ ਇਕ ਖ਼ਤ

# ਗੁਰੂ ਘਰ 'ਚ ਜਾਤ ਪਾਤ ਦਾ ਮਸਲਾ

ਪਿਆਰੇ ਖਾਲਸਾ ਜੀਉ

ਮੇਰੀ ਫਤਹਿ ਪ੍ਰਵਾਨ ਕਰਨੀ।

ਮੈਂ ਆਪ ਜੀ ਦੇ ਧਿਆਨ ਵਿਚ ਕੁੱਝ ਜ਼ਰੂਰੀ ਗੱਲਾਂ ਲਿਆਉਣਾ ਚਾਹੁੰਦਾ ਹਾਂ। ਆਪ ਤਾਂ ਹਰੇਕ ਪਿੰਡ ਇਕ ਹੀ ਗੁਰਦੁਆਰਾ ਕਰਕੇ ਜਾਤ-ਪਾਤ ਦੇ ਭੇਦ-ਭਾਵ ਮਿਟਾ ਰਹੇ ਹੋ। ਪਰ ਆਪਣੇ ਇਸ ਸ਼ੁੱਭ ਕੰਮ ਵਿਚ ਹਰਿਆਣਾ ਵਿਚ ਸਿੱਖ ਘਰਾਣੇ ਨਾਲ ਸੰਬੰਧਤ ਕੁੱਝ ਲੋਕ ਰੋੜਾ ਬਣ ਰਹੇ ਹਨ ਇਸੇ ਤਰ੍ਹਾਂ ਹੀ ਮੇਰੇ ਆਪਣੇ ਇਲਾਕਾ (ਬਠਿੰਡਾ ਜ਼ਿਲ੍ਹੇ) ਵਿਚ ਹੋ ਰਿਹਾ ਹੈ। ਇਹ ਕਥਾ ਮੈਂ ਹਰਿਆਣਾ ਦੇ ਰਤੀਆਂ ਇਲਾਕਾ ਦੇ ਕੁਝ ਪਿੰਡਾਂ ਦੀ ਸੁਣਾ ਰਿਹਾ ਹਾਂ। ਜਿਨ੍ਹਾਂ ਦਾ ਮੈਂ ਤੁਰ ਕੇ ਜਾਇਜ਼ਾ ਲਿਆ ਹੈ।

ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਐਨ ਹਾਜ਼ਰ ਨਾਜ਼ਰ ਸਮਝ ਕਿ ਇਹ ਗੱਲ ਲਿਖ ਰਿਹਾ ਹਾਂ। ਇਕ ਪਾਸੇ ਤਾਂ ਅਸੀਂ ਕੁਰਬਾਨੀਆਂ ਕਰ ਰਹੇ ਹਾਂ। ਦੂਸੇ ਪਾਸੇ ਸਾਡੀ ਇੰਨਾ ਬੇਇਜ਼ਤੀ ਹੋ ਰਹੀ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਘਰਾਂ ਵਿਚ ਵੀ ਨਹੀਂ ਲਿਜਾ ਸਕਦੇ। ਸਾਡੇ ਉੱਪਰ ਇੰਨੀ ਪਾਬੰਦੀ ਹੈ। ਅੰਮ੍ਰਿਤਧਾਰੀ ਹੋਣ ਦੇ ਬਾਵਜੂਦ ਵੀ ਸਾਡੇ ਉਪਰ ਇਹ ਤੋਹਮਤਾਂ ਲੱਗਦੀਆਂ ਹਨ ਕਿ ਇਹ ਲੋਕ ਬੜੀ ਸ਼ਰਾਬ ਦਾ ਸੇਵਨ ਕਰਦੇ ਹਨ। ਪਰ ਅਸੀਂ ਇਹ ਤੋਹਮਤਾਂ ਨਹੀਂ ਝੱਲ ਸਕਦੇ। ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹਾਂ। ਜਿਹੜੀਆਂ ਇਹ ਤੋਹਮਤਾਂ ਸਾਡੇ ਉੱਪਰ ਲਗਾਈਆਂ ਹਨ ਬੰਦ ਕਰਵਾਉ। ਜੇਕਰ ਸਿੰਘੋ ਇਹ ਕੰਮ ਤੁਸੀਂ ਨਹੀਂ ਕਰ ਸਕਦੇ ਤਾਂ ਸਟੇਨਗੰਨਾਂ ਲੈ ਕੇ ਮਜ਼ਬੀ ਸਿੱਖਾਂ ਅਤੇ ਰਾਮਦਾਸੀਆਂ ਸਿੱਖਾਂ ਦਾ ਕਤਲੇਆਮ ਸ਼ੁਰੂ ਕਰ ਦਿਉ। ਅਸੀਂ ਨਹੀਂ ਚਾਹੁੰਦੇ ਕਿ ਅਸੀਂ ਇਨ੍ਹਾਂ ਲੋਕਾਂ ਤੋਂ ਚੂਹੜੇ, ਚਮਾਰ ਕਹਾਉਂਦੇ ਰਹੀਏ। ਇਕ ਪਿੰਡ ਰਤੀਆ ਰੋਡ 'ਤੇ ਹੜੋਲੀ ਨਾਂ ਦਾ ਹੈ। ਜਿਸ ਵਿਚ ਇਕ ਕਮੇਟੀ ਬਣੀ ਹੋਈ ਹੈ। ਜਿਸ ਦੇ ਮੈਂਬਰ ਸਾਰੇ ਬ੍ਰਾਹਮਣਵਾਦੀ ਲੋਕ ਹੀ ਹਨ। ਮਜ਼ਬੀ ਸਿੱਖਾਂ ਨੂੰ ਉਸ ਹੜੋਲੀ ਪਿੰਡ ਵਿਚ ਗੁਰੂ ਗ੍ਰੰਥ ਸਾਹਿਬ ਨਹੀਂ ਦਿੱਤਾ ਅਤੇ ਉਨ੍ਹਾਂ ਨੂੰ ਇਹ ਕਹਿ ਕਿ ਮੋੜਿਆ ਗਿਆ ਕਿ ਤੁਹਾਡੇ ਘਰ ਜਿਸ ਗ੍ਰੰਥੀ ਸਿੰਘ (ਮੇਜਰ ਸਿੰਘ) ਨੇ ਪਾਠ ਕਰਨਾ ਹੈ ਉਹ ਤਾਂ ਬੀੜੀਆਂ, ਸ਼ਰਾਬ ਪੀਂਦਾ ਹੈ। ਸਾਡੇ ਤੋਂ ਹੀ ਪਾਠ ਕਰਾਉ ਅਤੇ ਅਸੀਂ ਖੁੱਲਾ ਪਾਠ ਨਹੀਂ ਕਰਦੇ। ਸਿਰਫ ਅਖੰਡ ਪਾਠ ਹੀ ਕਰਾਂਗੇ। ਗ੍ਰੰਥੀ ਸਿੰਘ 'ਤੇ ਲਾਇਆ ਗਿਆ ਦੋਸ਼ ਬਿਲਕੁੱਲ ਝੂਠਾ ਹੈ। ਇੰਦਰਜੀਤ ਮਜ਼ਬੀ ਸਿੱਖ ਹੈ ਜੋ ਬਹੁਤ ਗ਼ਰੀਬ ਘਰਾਣੇ ਨਾਲ ਸੰਬੰਧਤ ਹੈ। ਉਸ ਨੇ ਲਾਗਲੇ ਪਿੰਡ ਨਾਗਪੁਰ ਤੋਂ ਜਾ ਕੇ ਗੁਰੂ ਗ੍ਰੰਥ ਸਾਹਿਬ ਲਿਆ ਕਿ ਆਪਣੇ ਘਰ ਪਾਠ ਕਰਾਇਆ ਅਤੇ ਆਪ ਦੇ ਮੰਨ ਦੀ ਤ੍ਰਿਪਤਾ ਪੂਰੀ ਕੀਤੀ। ਇਹ ਹੀ ਹਾਲ ਬਠਿੰਡਾ ਇਲਾਕੇ ਦੇ ਪਿੰਡਾਂ ਦੇ ਲੋਕਾਂ ਦਾ ਹੈ। ਪਰ ਜੇਕਰ ਮਜਬੂਰੀ ਦੀ ਹਾਲਤ ਵਿਚ ਪਾਠ ਕਰ ਹੀ ਦੇਣ ਤਾਂ ਲੰਗਰ ਪ੍ਰਸ਼ਾਦਾ ਗ਼ਰੀਬ ਦੇ ਘਰੋਂ ਨਹੀਂ ਖਾਂਦੇ ਅਤੇ ਸੁੱਕੀ ਰਸਦ ਚਾਹ ਪਤੀ, ਆਟਾ ਲੈ ਕੇ ਹੱਟੀਆਂ 'ਤੇ ਵੇਚ ਕੇ ਸ਼ਰਾਬ ਪੀ ਲੈਂਦੇ ਹਨ। ਪਰ ਗ਼ਰੀਬ ਦੇ ਘਰ ਨੂੰ ਛੂਤ-ਛਾਤ ਸਮਝ ਕੇ ਪੰਜ ਪਿਆਰਿਆਂ ਦੇ ਨਾਮ ਅਤੇ ਗੁਰੂ ਦੇ ਨਾਮ ਦੀ ਦੇਗ ਨੂੰ ਸ੍ਰੀ ਸਾਹਿਬ ਦਾ ਭੋਗ ਵੀ ਨਹੀਂ ਲਵਾਉਂਦੇ।

ਖਾਲਸਾ ਜੀਓ।

ਮੇਰੀ ਇਸ ਗੱਲ ਦਾ ਜਵਾਬ ਜ਼ਰਾ ਸੋਚ ਸਮਝ ਕੇ ਦੇਣਾ। ਕਿ ਜੇਕਰ ਕੋਈ ਗ਼ਰੀਬ ਸਧਾਰਣ ਪਾਠ ਕਰਾਉਣਾ ਚਾਹੁੰਦਾ ਹੋਵੇ, ਜਿਸ ਦਾ ਖਰਚ ਵੀ ਥੋੜਾ ਹੈ ਅਤੇ ਹੋ ਵੀ ਸਾਫ ਸੁਥਰਾ ਜਾਂਦਾ ਹੈ, ਕਿਉਂਕਿ ਕੋਈ ਕਾਹਲੀ ਨਹੀਂ ਹੁੰਦੀ। ਸੱਤਾ ਦਿਨਾਂ ਵਿਚ ਕਰਨਾ ਹੁੰਦਾ ਹੈ ਅਤੇ ਦੂਜੇ ਗ਼ਰੀਬ ਆਦਮੀ ਅਖੰਡ ਪਾਠ ਨਾਂ ਕਰਾਉਣਾ ਚਾਹੁੰਦਾ ਹੋਵੇ। ਜਿਸ ਪਾਸ 1000-1200 ਰੁਪਇਆ ਨਹੀਂ। ਦੱਸੋ ਕੀ ਉਹ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਆਪ ਦੇ ਘਰ ਨਹੀਂ ਪੁਆ ਸਕਦਾ? ਇਹ ਜਿਹੜੀ ਸ਼ਰਤ ਹੈ ਇਨ੍ਹਾਂ ਲੋਕਾਂ ਨੇ ਆਪ ਦੇ ਵਿੱਚ ਹੀ ਅੱਗੇ ਰੱਖ ਕਿ ਤੋਰੀ ਹੈ। ਇਹ ਤੁਰੰਤ ਖਤਮ ਕਰਵਾਉ ਅਤੇ ਮਜ਼ਬੀ ਸਿੱਖਾਂ, ਰਾਮਦਾਸੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੇਣ ਦੀ ਖੁਲ ਕਰਵਾਉ। ਕਿਥੋਂ ਮਰਜ਼ੀ ਪਾਠੀ ਲਿਆ ਕਿ ਕਿਸੇ ਤੋਂ ਵੀ ਪਾਠ ਕਰਵਾ ਸਕਣ ਦੀ ਖੁੱਲ੍ਹ ਹੋਵੇ ਅਤੇ ਸਾਨੂੰ ਚੂਹੜੇ ਚੁਮਾਰ ਕਹਿਣੇ ਮਨਾਹੀ ਹੋਵੇ। ਸਾਡੇ ਵੱਡਿਆਂ ਦੀਆਂ ਕੁਰਬਾਨੀਆਂ ਨੂੰ ਅੱਖੋਂ ਉਹਲੇ ਨਾ ਕੀਤਾ ਜਾਵੇ। ਇਨ੍ਹਾਂ ਬ੍ਰਾਹਮਣਵਾਦੀ ਲੋਕਾਂ ਜੋ ਕਿ ਕਾਂਗਰਸ ਸਰਕਾਰ ਦੇ ਪਿੱਠੂ ਹਨ ਨੂੰ ਢੁੱਕਵੀਂ ਸਜ਼ਾ ਦਿੱਤੀ ਜਾਵੇ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਨੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਇਕ ਬਾਟੇ ਵਿਚ ਛਕਾਇਆ ਸੀ। ਇਸ ਤਰ੍ਹਾਂ ਹੀ ਇਕੋ ਬਾਟੇ ਵਿਚ ਅੰਮ੍ਰਿਤ ਤਿਆਰ ਕਰਕੇ ਛਕਾਇਆ ਜਾਇਆ ਕਰੇ। ਜਿਹੜੇ ਇਹ ਬ੍ਰਾਹਮਣਵਾਦੀ ਲੋਕ ਹਨ, ਇਹ ਸੰਤਾ ਸਿੰਘ ਜੋ ਕਿ ਗੁਰੂ ਘਰੋਂ ਦੁਰਕਾਰਿਆ ਹੋਇਆਂ ਹੈ, ਇਹ ਹੀ ਲੋਕਾਂ ਦੇ ਮਨਾਂ ਵਿਚ ਜ਼ਿਆਦਾ ਫਰਕ ਪਾਉਂਦੇ ਹਨ।

ਖਾਲਸਾ ਜੀਓ! ਇਨ੍ਹਾਂ ਲੋਕਾਂ ਨੂੰ ਸੁਧਾਰ ਕੇ ਗੁਰੂ ਘਰ (ਗੁਰਦੁਆਰੇ) ਹਰੇਕ ਪਿੰਡ ਵਿਚ ਇਕ ਹੀ ਕੀਤਾ ਜਾਵੇ। ਜਿਸ ਵਿਚ ਰੱਬੀ ਬਾਣੀ, ਜੋ ਸਭ ਵਰਨਾ ਦੀ ਸਾਂਝੀ ਬਾਣੀ ਹੈ, ਦਾ ਪ੍ਰਕਾਸ਼ ਹੋਵੇ। ਸਭ ਲੋਕ ਗੁਰੂ ਘਰ ਵਿਚ ਸ਼ਰਧਾ ਨਾਲ ਮੱਥਾ ਟੇਕਣ ਅਤੇ ਆਪਣੇ ਮਨ ਦੀ ਤ੍ਰਿਪਤਾ ਠੰਡੀ ਕਰ ਸਕਣ ਅਤੇ ਕਿਸੇ ਵੀ ਜਾਤ ਦਾ ਅੰਮ੍ਰਿਤਧਾਰੀ ਪਾਠੀ ਗੁਰੂ ਘਰ ਜਾ ਕੇ ਪਾਠ ਕਰ ਸਕੇ। ਮੈਨੂੰ ਪੂਰਾ-ਪੂਰਾ ਵਿਸ਼ਵਾਸ ਹੈ ਕਿ ਮੇਰੇ ਖਾੜਕੂ ਭਰਾ ਮੇਰੀ ਇਸ ਚਿੱਠੀ 'ਤੇ ਪੂਰਾ ਅਸਰ ਕਰਨਗੇ।

ਤੁਹਾਡਾ ਸ਼ੁਭਚਿੰਤਕ

ਇਕ ਅੰਮ੍ਰਿਤਧਾਰੀ ਗੁਰਸਿੱਖ

## ਸ਼ਹੀਦ (ਜਨਰਲ) ਲਾਭ ਸਿੰਘ ਦੀ ਤੀਜੀ ਬਰਸੀ

# ਸਿਧਾਂਤਕ ਸੋਚ ਉੱਤੇ ਪਹਿਰਾ ਦਿਓ !

ਤਿੰਨ ਸਾਲ ਗੁਜ਼ਰ ਚੁੱਕੇ ਹਨ। 12 ਜੁਲਾਈ ਦੀ ਦੁਪਹਿਰ ਨੂੰ ਅਚਾਨਕ ਰੇਡੀਓ ਉੱਤੋਂ ਨਸ਼ਰ ਹੋਈ ਇਕ ਖ਼ਬਰ ਸਿੱਖ ਕਾਲਜਿਆਂ ਅੰਦਰੋਂ ਰੁੱਗ ਭਰ ਕੇ ਲੈ ਗਈ ਸੀ। ਖ਼ਬਰ ਕੀ ਸੀ ਮਾਨੋਂ ਸਿੱਖ ਜਗਤ ਉੱਤੇ ਕੋਈ ਪਹਾੜ ਹੀ ਆਣ ਡਿੱਗਾ ਸੀ। ਤਿੰਨ ਸਾਲ ਦਾ ਅਰਸਾ ਬੀਤ ਜਾਣ ਦੇ ਬਾਅਦ ਵੀ ਇਹ ਖ਼ਬਰ ਸਿੱਖ ਹਿਰਦਿਆਂ ਅੰਦਰ ਤਿੱਖੀ ਸ਼ਿਲਤਰ ਵਾਂਗ ਖੁਭੀ ਹੋਈ ਹੈ।

ਖ਼ਬਰ ਸੀ : 'ਖ਼ਾਲਿਸਤਾਨ ਕਮਾਂਡੋ ਫੋਰਸ ਦਾ ਮੁਖੀ ਜਨਰਲ ਲਾਭ ਸਿੰਘ ਅੱਜ ਤੜਕਸਾਰ ਟਾਂਡਾ-ਉੜਮੁੜ ਨੇੜੇ ਇਕ ਪੁਲਸ ਮੁਕਾਬਲੇ ਵਿਚ ਹਲਾਕ ਹੋ ਗਿਆ।'

ਖੁਸ਼ੀ ਵਿਚ ਅੰਨ੍ਹੇ ਹੋਏ ਦੁਸ਼ਮਣ ਨੂੰ 'ਮੁਕਾਬਲੇ' ਦੀ ਜਚਣਹਾਰ ਕਹਾਣੀ ਘੜਨ ਦਾ ਚੇਤਾ ਵੀ ਨਹੀਂ ਸੀ ਰਿਹਾ। ਰੇਡੀਓ ਤੇ ਟੈਲੀਵੀਜ਼ਨ ਤੋਂ ਇਹ ਸਰਕਾਰੀ ਝੂਠ ਵਾਰ-ਵਾਰ ਦੁਹਰਾਇਆ ਜਾ ਰਿਹਾ ਸੀ ਅਤੇ ਅਗਲੇ ਦਿਨ ਇਹੀ ਝੂਠ ਅਖ਼ਬਾਰਾਂ ਦੇ ਸਫ਼ਿਆਂ ਉੱਤੇ ਵਿਛਿਆ ਪਿਆ ਸੀ।

ਖ਼ੈਰ, 'ਮੁਕਾਬਲੇ' ਦੀ ਕਹਾਣੀ ਭਲੇ ਹੀ ਝੂਠੀ ਸੀ, ਪਰ ਇਹ ਸੱਚ ਸੀ ਕਿ ਭਾਈ ਲਾਭ ਸਿੰਘ ਸੈਂਕੜੇ ਸ਼ਹੀਦ ਸੂਰਮਿਆਂ ਦੀ ਕਤਾਰ ਵਿਚ ਜਾ ਸ਼ਾਮਲ ਹੋਏ ਸਨ।

ਅੰਮ੍ਰਿਤਸਰ ਅੰਦਰ ਕੇ: ਪੀ. ਐਸ. ਗਿੱਲ ਵਿਸ਼ੇਸ਼ ਤੌਰ 'ਤੇ ਬੁਲਾਈ ਪ੍ਰੈੱਸ ਕਾਨਫਰੰਸ ਅੰਦਰ ਹਿੱਕ ਫੁਲਾਈ ਬੈਠਾ ਸੀ। ਦਿੱਲੀ ਅੰਦਰ ਉਸ ਮੌਕੇ ਦਾ ਕੇਂਦਰੀ ਗ੍ਰਹਿ ਰਾਜ ਮੰਤਰੀ (ਪੀ. ਚਿਦੰਬਰਮ) ਖਾੜਕੂ ਲਹਿਰ ਦੀ 'ਰੀੜ੍ਹ ਦੀ ਹੱਡੀ' ਭੰਨ ਸੁੱਟਣ ਦੇ ਸ਼ੇਖੀ-ਖੋਰੇ ਦਾਅਵੇ ਕਰ ਰਿਹਾ ਸੀ। ਪੰਜਾਬ ਅੰਦਰ ਖਾੜਕੂ ਸੰਘਰਸ਼ ਦੇ ਦੁਸ਼ਮਣਾਂ ਦੇ ਘਰੀਂ ਘਿਉ ਦੇ ਦੀਵੇ ਜਗ ਉੱਠੇ ਸਨ। ਸੀ. ਪੀ. ਆਈ. ਤੇ ਸੀ. ਪੀ ਐਮ. ਵਰਗੀਆਂ ਪੰਥ-ਵੈਰੀ ਤਾਕਤਾਂ ਲਈ ਮਾਨੋ ਇਕ 'ਡਰਾਉਣੇ ਯੁਗ' ਦਾ ਅੰਤ ਹੋ ਗਿਆ ਸੀ ਅਤੇ ਖੁਸ਼ੀ ਨਾਲ ਖੀਵੀ ਹੋਈ ਮਹਾਸ਼ਾ ਪ੍ਰੈੱਸ ਨੇ ਇਹ 'ਖੁਸ਼ਖਬਰੀ' ਨਸ਼ਰ ਕਰਨ ਲੱਗਿਆਂ ਪੱਤਰਕਾਰੀ ਦੀ ਮਰਿਆਦਾ ਦਾ ਖਿਆਲ ਤੱਕ ਵੀ ਮਨੋਂ ਭੁਲਾ ਦਿੱਤਾ ਸੀ।

ਦੁਸ਼ਮਣ ਦੇ ਇਸ ਪ੍ਰਤੀਕਰਮ ਤੋਂ ਹੀ ਪਤਾ ਚਲਦਾ ਹੈ ਕਿ ਜਨਰਲ ਲਾਭ ਸਿੰਘ ਦੀ ਸ਼ਹਾਦਤ ਕੋਈ ਸਧਾਰਨ ਘਟਨਾ ਨਹੀਂ ਸੀ। ਜ਼ਰੂਰ ਜਨਰਲ ਲਾਭ ਸਿੰਘ ਅੰਦਰ ਅਜਿਹੀ ਕੋਈ ਖਾਸ ਗੱਲ ਸੀ ਜਿਸ ਨੇ ਉਸ ਨੂੰ ਲੋਕਾਂ ਅੰਦਰ ਐਨਾ ਮਕਬੂਲ ਅਤੇ ਦੁਸ਼ਮਣ ਲਈ ਐਨਾ "ਡਰਾਉਣਾ" ਬਣਾ ਦਿੱਤਾ ਸੀ।

ਇਹ "ਖਾਸ" ਗੱਲ ਸੀ ਭਾਈ ਸਾਹਿਬ ਦੀ ਸਖ਼ਸ਼ੀਅਤ ਅੰਦਰ ਛੁਪੀ ਉਹ ਪ੍ਰਤਿਭਾ ਜਿਸ ਨੇ ਉਸ ਨੂੰ ਪੁਲਿਸ ਦੇ ਸਾਧਾਰਨ ਸਿਪਾਹੀ ਸੁਖਦੇਵ ਸਿੰਘ ਤੋਂ ਖਾੜਕੂ ਲਹਿਰ ਦਾ ਜਨਰਲ ਲਾਭ ਸਿੰਘ ਬਣਾ ਦਿੱਤਾ ਸੀ।

ਤਹਿਸੀਲ ਤਰਨਤਾਰਨ ਦੇ ਪਿੰਡ ਪੰਜਵੜ ਅੰਦਰ ਇਕ ਸਧਾਰਨ ਸਿੱਖ ਕਿਸਾਨ ਪਰਿਵਾਰ 'ਚ ਜਨਮੇ ਭਾਈ ਸੁਖਦੇਵ ਸਿੰਘ ਨੂੰ ਜਨਰਲ ਲਾਭ ਸਿੰਘ ਬਣਨ ਦਾ ਇਹ ਮਾਣ ਕਿਸੇ ਅਣਕਮਾਈ ਦਾਤ ਵਜੋਂ ਹੱਥ ਨਹੀਂ ਸੀ ਲੱਗ ਗਿਆ। ਇਸ ਦੇ ਲਈ ਉਸ ਨੂੰ ਉੱਚੀ ਕਮਾਈ ਕਰਨੀ ਪਈ ਸੀ।

ਕਿਸੇ ਵੀ ਗਰੀਬ ਕਿਸਾਨ ਪਰਿਵਾਰ ਦੇ ਪੁੱਤਰ ਵਾਂਗ ਭਾਈ ਸੁਖਦੇਵ ਸਿੰਘ ਨੂੰ ਆਪਣੀ ਕਾਲਜ ਦੀ ਪੜ੍ਹਾਈ ਅੱਧਵਾਟੇ ਛੱਡ ਕੇ ਪੁਲਿਸ ਵਿਚ ਬਤੌਰ ਸਿਪਾਹੀ ਭਰਤੀ ਹੋਣਾ ਪੈ ਗਿਆ ਸੀ, ਪਰ ਭਾਈ ਸਾਹਿਬ ਦੇ ਹਿਰਦੇ 'ਚ ਵਸਿਆ ਸਿੱਖ-ਪਿਆਰ ਬਹੁਤਾ ਚਿਰ ਪੁਲਿਸ ਦੀ ਨੌਕਰੀ ਦਾ ਬੋਝ ਨਾ ਝੱਲ ਸਕਿਆ। ਜਦ ਭਾਈ ਸੁਖਦੇਵ ਸਿੰਘ ਨੇ ਆਪਣੇ ਸਾਥੀ ਪੁਲਸੀਆਂ ਨੂੰ ਜੁਝਾਰੂ ਸਿੰਘਾਂ ਉੱਤੇ ਅਣਮਨੁੱਖੀ ਜ਼ੁਲਮ ਢਾਹੁੰਦੇ ਤੱਕਿਆ ਤਾਂ ਉਹਨਾਂ ਦਾ ਮਨ ਨੌਕਰੀ ਤੋਂ ਉਚਾਟ ਹੋ ਗਿਆ। ਪੁਲਸੀ ਵਰਦੀ 'ਚ ਲੁਕੇ 'ਪਸ਼ੂ' ਨਾਲ ਉਨ੍ਹਾਂ ਨੂੰ ਸਖ਼ਤ ਘਿਰਣਾ ਹੋ ਗਈ। ਉਨ੍ਹਾਂ ਨੇ ਪੁਲਿਸ ਦੀ ਨੌਕਰੀ ਨੂੰ ਲੱਤ ਮਾਰ ਦਿੱਤੀ ਅਤੇ ਆਪਣਾ ਬਾਕੀ ਜੀਵਨ ਸਿੱਖ ਸੰਘਰਸ਼ ਦੇ ਲੇਖੇ ਲਾਉਣ ਦਾ ਫੈਸਲਾ ਕਰ ਲਿਆ। ਸਭ ਤੋਂ ਪਹਿਲਾਂ ਉਨ੍ਹਾਂ ਗਿਆਨੀ ਬਚਨ ਸਿੰਘ ਨਾਉਂ ਦੇ ਉਸ ਬੁੱਚੜ ਡੀ. ਐਸ. ਪੀ. ਦੀ ਅਲਖ ਮੁਕਾਉਣ ਦਾ ਪਵਿੱਤਰ ਕਾਰਜ ਨੇਪਰੇ ਚਾੜਿਆ, ਜੋ ਭਾਈ ਕੁਲਵੰਤ ਸਿੰਘ ਨਾਗੋਕੇ ਨੂੰ ਬੇਰਹਿਮੀ ਨਾਲ ਸ਼ਹੀਦ ਕਰ ਕੇ ਸਿੱਖ ਜੁਝਾਰੂਆਂ ਦੇ ਝੂਠੇ ਪੁਲਸ ਮੁਕਾਬਲਿਆਂ ਦੀ ਸ਼ੁਰੂਆਤ ਕਰਨ ਦਾ ਦੋਸ਼ੀ ਨੰਬਰ ਇਕ ਸੀ। ਉਸ ਤੋਂ ਬਾਅਦ ਉਨ੍ਹਾਂ ਐਨ ਚਿੱਟੇ ਦਿਨ ਜਲੰਧਰ ਦੇ ਨਾਮਦੇਵ ਚੌਂਕ ਵਿਚ ਲਾਲਾ ਜਗਤ ਨਰਾਇਣ ਦੇ 'ਸ਼ਹਿਜ਼ਾਦੇ' ਰਮੇਸ਼ ਚੰਦਰ ਨੂੰ ਜਾ ਢਾਹਿਆ। ਇਸ ਤੋਂ ਇਲਾਵਾ ਉਨ੍ਹਾਂ ਹੋਰ ਵੀ ਕਈ ਤਕੜੇ ਕਾਰਨਾਮੇ ਕੀਤੇ।

ਹਰਿਮੰਦਰ ਸਾਹਿਬ ਉੱਤੇ ਫੌਜੀ ਹਮਲੇ ਦੌਰਾਨ ਭਾਈ ਸੁਖਦੇਵ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਉੱਤੇ ਅੰਨ੍ਹਾ ਤਸ਼ੱਦਦ ਢਾਹਿਆ ਗਿਆ, ਪਰ ਇਕ ਸਿਦਕੀ ਸਿੰਘ ਵਾਂਗ ਉਹ ਵਹਿਸ਼ੀ ਤਸ਼ੱਦਦ ਮੂਹਰੇ ਚਟਾਨ ਵਾਂਗ ਅਡੋਲ ਰਹੇ। ਉਹਨਾਂ ਨੂੰ ਪਹਿਲਾਂ ਜੋਧਪੁਰ ਰੱਖਿਆ ਗਿਆ

ਅਤੇ ਫਿਰ ਜਲੰਧਰ ਦੀ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ। ਭਾਈ ਸੁਖਦੇਵ ਸਿੰਘ ਦਾ ਮਨ ਬਾਹਰ ਸੰਘਰਸ਼ ਦੇ ਮੈਦਾਨ ਵਿਚ ਆ ਕੇ ਸੇਵਾ ਨਿਭਾਉਣ ਲਈ ਕਾਹਲਾ ਪੈ ਰਿਹਾ ਸੀ। ਉਨ੍ਹਾਂ ਨੇ ਬਾਹਰ ਭਾਈ ਮਨਬੀਰ ਸਿੰਘ ਚਹੇੜੂ ਨਾਲ ਸੰਪਰਕ ਕਾਇਮ ਕਰ ਲਿਆ ਅਤੇ ਦੁਸ਼ਮਣ ਦੀ ਕੈਦ ਤੋਂ ਆਜ਼ਾਦ ਹੋਣ ਦੀ ਯੋਜਨਾ ਬਣਾ ਲਈ। 1986 ਦੇ ਸ਼ੁਰੂ ਵਿਚ ਜਲੰਧਰ ਕਚਹਿਰੀਆਂ 'ਚ ਸਫਲ ਐਕਸ਼ਨ ਕਰਕੇ ਭਾਈ ਸੁਖਦੇਵ ਸਿੰਘ ਅਤੇ ਉਨ੍ਹਾਂ ਦੇ ਦੋ ਸਾਥੀਆਂ ਨੂੰ ਆਜ਼ਾਦ ਕਰਾ ਲਿਆ ਗਿਆ ਅਤੇ ਉਨ੍ਹਾਂ ਮੁੜ ਸੰਘਰਸ਼ ਦੇ ਮੈਦਾਨ ਵਿਚ ਮੋਰਚੇ ਮੱਲ ਲਏ।

ਭਾਈ ਮਨਬੀਰ ਸਿੰਘ ਚਹੇੜੂ ਦੀ ਗ੍ਰਿਫਤਾਰੀ ਤੋਂ ਬਾਅਦ ਜਦ ਖਾਲਿਸਤਾਨ ਕਮਾਂਡੋ ਫੋਰਸ ਦਾ ਨਵਾਂ ਮੁਖੀ ਚੁਣਨ ਦੀ ਗੱਲ ਆਈ ਤਾਂ ਜੁਝਾਰ ਖਾਲਸੇ ਦੀ ਉਂਗਲ ਸੁਭਾਵਕ ਹੀ ਭਾਈ ਸੁਖਦੇਵ ਸਿੰਘ ਉੱਤੇ ਆਣ ਟਿਕੀ। ਇਸ ਵੇਲੇ ਤੱਕ ਭਾਈ ਸਾਹਿਬ ਹਥਿਆਰਬੰਦ ਸੰਘਰਸ਼ ਦੇ ਖੇਤਰ ਅੰਦਰ ਆਪਣੀ ਕਾਬਲੀਅਤ ਦੀ ਧਾਕ ਜਮਾ ਚੁੱਕੇ ਸਨ। ਖਾਲਿਸਤਾਨ ਕਮਾਂਡੋ ਫੋਰਸ ਦੇ ਚੀਫ ਜਨਰਲ ਬਣਨ ਤੋਂ ਬਾਅਦ ਭਾਈ ਲਾਭ ਸਿੰਘ ਦੀ ਛੁਪੀ ਕਾਬਲੀਅਤ ਹੋਰਨਾਂ ਖੇਤਰਾਂ ਅੰਦਰ ਵੀ ਰੂਪਮਾਨ ਹੋਣੀ ਸ਼ੁਰੂ ਹੋਈ। ਉਹ ਕਿੰਨੇ ਹੀ ਦਰਸ਼ਨੀ ਐਕਸ਼ਨਾਂ ਦੇ ਨਾਇਕ ਬਣ ਕੇ ਉਭਰੇ। ਲੁਧਿਆਣੇ ਅੰਦਰ ਕਮਾਲ ਦੀ ਸਫਾਈ ਨਾਲ ਮਾਰੇ ਸਾਢੇ ਪੰਜ ਕਰੋੜ ਰੁਪੈ ਦੇ ਬੈਂਕ ਡਾਕੇ ਨੂੰ ਅਤੇ ਜਲੰਧਰ ਦੇ ਪੀ. ਏ. ਪੀ. ਕੰਪਲੈਕਸ ਅੰਦਰ ਜੇ. ਐਫ. ਰਿਬੇਰੋ ਉੱਤੇ ਦਿਨ ਦਿਹਾੜੇ ਕੀਤੇ ਦਲੇਰਾਨਾ ਹਮਲੇ ਨੂੰ ਜਨਰਲ ਲਾਭ ਸਿੰਘ ਦੀ ਫੌਜੀ ਪ੍ਰਤਿਭਾ ਦੀ ਕਲਾ-ਪ੍ਰਦਰਸ਼ਨੀ ਦੇ ਨਮੂਨੇ ਕਹਿਣਾ ਵਧੇਰੇ ਢੁਕਵਾਂ ਹੋਵੇਗਾ।

ਜਨਰਲ ਲਾਭ ਸਿੰਘ ਨੇ ਜੋ ਪ੍ਰਸਿੱਧੀ ਤੇ ਜਸ ਖੱਟਿਆ ਹੈ ਉਸ ਦੀ ਵਜ੍ਹਾਂ ਮਹਿਜ਼ ਉਸ ਦਾ ਦਰਜਨਾਂ ਸ਼ਾਨਦਾਰ ਐਕਸ਼ਨਾਂ ਦਾ ਮੋਹਰੀ ਹੋਣਾ ਨਹੀਂ। ਜਨਰਲ ਲਾਭ ਸਿੰਘ ਦੀ ਐਕਸ਼ਨਾਂ ਦੇ ਖੇਤਰ ਅੰਦਰ 'ਕਲਾਕਾਰੀ' ਸੱਚ-ਮੁੱਚ ਹੀ ਦੇਖਣ ਲਾਇਕ ਸੀ। ਪਰ ਖਾੜਕੂ ਲਹਿਰ ਅੰਦਰ ਉਸ ਨੂੰ ਮਿਲੇ ਵਿਸ਼ੇਸ਼ ਸਥਾਨ ਦੀ ਅਸਲੀ ਵਜ੍ਹਾ ਉਸ ਵਲੋਂ ਨਾਜ਼ਕ ਮੌਕਿਆਂ 'ਤੇ ਦਿਖਾਈ ਸਿਧਾਂਤਕ ਸੂਝ ਤੇ ਅਡੋਲਤਾ ਸੀ।

## ਸਿਧਾਂਤਕ ਪੱਖ

ਜਦ ਜਨਰਲ ਲਾਭ ਸਿੰਘ ਨੇ ਜੱਥੇਬੰਦੀ ਦੀ ਵਾਗਡੋਰ ਸੰਭਾਲੀ ਤਾਂ ਲਹਿਰ ਅੰਦਰ ਕਈ ਗਲਤ ਰੁਝਾਨਾਂ ਨੇ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ ਸੀ। ਧਮਕੀ ਪੱਤਰ ਲਿਖ ਕੇ ਪੈਸੇ ਬਟੋਰਨ ਅਤੇ ਸਿਧਾਂਤ-ਵਿਹੂਣੀ ਦਹਿਸ਼ਤ ਫੈਲਾਉਣ ਦੀ ਮਰਜ਼, ਵਧਦੀ-ਫੁਲਦੀ ਇਕ ਭਿਅੰਕਰ ਰੋਗ ਦਾ ਰੂਪ ਧਾਰਨ ਕਰ ਗਈ ਸੀ। ਸਿੱਖੀ ਸਿਧਾਂਤਾਂ ਤੋਂ ਭਟਕੇ ਹਥਿਆਰਬੰਦ ਟੋਲਿਆਂ ਨੇ ਦਰਬਾਰ ਸਾਹਿਬ ਅੰਦਰ ਪੱਕੇ ਡੇਰੇ ਜਮਾ ਲਏ ਹੋਏ ਸਨ ਅਤੇ ਖਾੜਕੂ ਸੰਘਰਸ਼ ਦੇ ਜੜ੍ਹੀਂ ਤੇਲ ਦੇਣ ਲਈ ਸਿਰੇ ਦੀਆਂ ਵਾਹੀਯਾਤ ਕਾਰਵਾਈਆਂ ਜਾਰੀ ਸਨ। ਖਾੜਕੂ ਲਹਿਰ ਦੀਆਂ ਕੁਝ ਪ੍ਰਸਿੱਧ ਹਸਤੀਆਂ ਇਸ ਨਿਘਾਰ-ਅਮਲ ਨੂੰ ਨਾ ਸਿਰਫ ਜਾਇਜ਼ ਠਹਿਰਾ ਰਹੀਆਂ ਸਨ, ਸਗੋਂ ਸਿੱਧੇ ਰੂਪ 'ਚ ਹਮਾਇਤ ਤੇ ਹਲਾਸ਼ੇਰੀ ਦੇ ਰਹੀਆਂ ਸਨ। ਅਜਿਹੇ ਮੌਕੇ ਇਸ ਗਲਤ ਰੁਝਾਣ ਵਿਰੁੱਧ ਕੁਦਣ ਲਈ ਹੌਂਸਲੇ ਨਾਲੋਂ ਵੱਧ ਸਿਧਾਂਤਕ ਸਪੱਸ਼ਟਤਾ ਦੀ ਲੋੜ ਸੀ। ਜਨਰਲ ਲਾਭ ਸਿੰਘ ਨੇ ਖਾੜਕੂ ਸੰਘਰਸ਼ ਲਈ ਅੰਦਰੋਂ ਖੜ੍ਹੇ ਹੋਏ ਇਸ ਖਤਰੇ ਦੀ ਗੰਭੀਰਤਾ ਨੂੰ ਪਛਾਣਿਆ ਅਤੇ ਇਸ ਵਿਰੁੱਧ ਸਿਧਾਂਤਕ ਲੜਾਈ ਦੀ ਕਮਾਨ ਸੰਭਾਲ ਲਈ। ਜੇਕਰ ਜਨਰਲ ਲਾਭ ਸਿੰਘ ਨੇ ਲਹਿਰ ਦੇ ਅੰਦਰ ਪੈਦਾ ਹੋਏ ਇਨ੍ਹਾਂ ਵਿਗਾੜਾਂ ਵਿਰੁੱਧ ਡਟਵੀਂ ਪੋਜ਼ੀਸ਼ਨ ਨਾ ਲਈ ਹੁੰਦੀ ਤਾਂ ਖਾੜਕੂ ਲਹਿਰ ਇਸ ਅੰਦਰਲੀ ਸੱਟ ਦੀ ਮਾਰ ਤੋਂ ਸ਼ਾਇਦ ਹੀ ਬਚ ਸਕੀ ਹੁੰਦੀ।

ਐਨ ਉਸ ਮੌਕੇ ਖਾੜਕੂ ਲਹਿਰ ਉੱਤੇ ਅੰਦਰੋਂ ਇਕ ਹੋਰ ਮਾਰੂ ਹੱਲਾ ਹੋਇਆ। ਕੇਂਦਰੀ ਹਾਕਮਾਂ ਨੇ ਅੰਦਰੂਨੀ ਸੰਕਟ ਨਾਲ ਕਮਜ਼ੋਰ ਹੋਈ ਲਹਿਰ ਨੂੰ ਖਤਮ ਕਰਨ ਲਈ "ਰੋਡੇ ਮਿਸ਼ਨ" ਦੀ ਚਾਲ ਚੱਲ ਦਿੱਤੀ। ਭਾਈ ਜਸਬੀਰ ਸਿੰਘ ਰੋਡੇ ਨੂੰ ਸਾਗਰ ਜੇਲ੍ਹ ਤੋਂ ਰਿਹਾ ਕਰਕੇ ਸਿੱਧਾ ਦਰਬਾਰ ਸਾਹਿਬ ਭੇਜਿਆ ਗਿਆ। ਕੇਂਦਰ ਸਰਕਾਰ ਵਲੋਂ ਗਿਣੀ-ਮਿਥੀ ਯੋਜਨਾ ਤਹਿਤ ਉਸ ਨੇ ਲਹਿਰ ਦੇ ਅੰਦਰੂਨੀ ਵਿਗਾੜਾਂ ਦੇ ਪੱਖ ਨੂੰ ਉਛਾਲ ਕੇ ਆਪਣੀ ਸਮਝੌਤਾ ਪ੍ਰਸਤ ਸਿਆਸਤ ਉਭਾਰਨੀ ਸ਼ੁਰੂ ਕਰ ਦਿੱਤੀ। ਉਹ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਉਸ ਮੌਕੇ ਦੀ ਚੋਟੀ ਲੀਡਰਸ਼ਿੱਪ (ਭਾਈ ਗੁਰਜੀਤ ਸਿੰਘ ਐਂਡ ਕੰਪਨੀ) ਨੂੰ ਆਪਣੇ ਫਾਹੀ-ਜਾਲ ਵਿਚ ਫਾਹੁਣ 'ਚ ਕਾਮਯਾਬ ਹੋ ਗਿਆ ਸੀ। ਜਨਰਲ ਲਾਭ ਸਿੰਘ ਨੇ ਆਪਣੀ ਤਿੱਖੀ ਸਿਧਾਂਤਕ ਸੂਝ ਦਾ ਸਬੂਤ ਦਿੰਦੇ ਹੋਏ "ਰੋਡੇ ਮਿਸ਼ਨ" ਦੇ ਖਤਰਨਾਕ ਮਨੋਰਥਾਂ ਨੂੰ ਪਹਿਲੀ ਨਜ਼ਰੇ ਹੀ ਪਛਾਣ ਲਿਆ। ਉਨ੍ਹਾਂ ਇਕ ਹੱਥ ਅੰਦਰੂਨੀ ਵਿਗਾੜਾਂ ਵਿਰੁੱਧ ਜਾਨ-ਹੂਲਵੀਂ ਸਿਧਾਂਤਕ ਲੜਾਈ ਲੜਦਿਆਂ ਹੋਇਆਂ, ਦੂਜੇ ਹੱਥ "ਰੋਡੇ ਮਿਸ਼ਨ" ਦੀ ਖਤਰਨਾਕ ਸਾਜ਼ਸ ਨੂੰ ਚਕਨਾਚੂਰ ਕਰਨ ਲਈ ਹਥਿਆਬੰਦ ਸੰਘਰਸ਼ ਦੇ ਝੰਡੇ ਨੂੰ ਹੋਰ ਵੀ ਧੜੱਲੇ ਤੇ ਦ੍ਰਿੜ੍ਹਤਾ ਨਾਲ ਉਚਾ ਚੁੱਕੀ ਰੱਖਣ ਦਾ ਨਾਹਰਾ ਬੁਲੰਦ ਕੀਤਾ। ਭਾਈ ਲਾਭ ਸਿੰਘ ਵਲੋਂ ਲਏ ਇਸ ਡਟਵੇਂ ਪੈਂਤੜੇ

ਨੇ "ਰੋਡੇ ਮਿਸ਼ਨ" ਦੀ ਦਿਨਾਂ ਵਿਚ ਹੀ ਫੂਕ ਕੱਢ ਕੇ ਰੱਖ ਦਿੱਤੀ।

ਖਾੜਕੂ ਲਹਿਰ ਨੂੰ ਦਰਪੇਸ਼ ਇਸ ਸੰਕਟ ਦੀ ਘੜੀ ਦੇ ਮੌਕੇ ਜਨਰਲ ਲਾਭ ਸਿੰਘ ਵਲੋਂ ਦਿਖਾਈ ਸਿਧਾਂਤਕ ਅਡੋਲਤਾ ਅਤੇ ਸੂਝ-ਸਿਆਣਪ ਨੇ ਉਨ੍ਹਾਂ ਦਾ ਅਕਸ ਕਈ ਗੁਣਾਂ ਨਿਖਾਰ ਦਿੱਤਾ। ਸ਼ਾਨਦਾਰ ਹਥਿਆਰਬੰਦ ਐਕਸ਼ਨਾਂ ਦਾ ਇਹ ਨਾਇਕ ਹੁਣ ਇਕ ਸੁਲਝੇ ਹੋਏ ਸਿਧਾਂਤਕ ਆਗੂ ਵਜੋਂ ਆਪਣੀ ਪਛਾਣ ਸਥਾਪਤ ਕਰਨ ਵੱਲ ਵਧ ਰਿਹਾ ਸੀ।

ਸਾਕਾ "ਕਾਲੀ ਗਰਜ" ਦੀ ਨਮੋਸ਼ੀ ਨੇ ਸਮੁੱਚੇ ਪੰਥ ਨੂੰ ਬੇਹਿਸ ਕਰ ਕੇ ਰੱਖ ਦਿੱਤਾ ਸੀ। ਖਾੜਕੂ ਲਹਿਰ ਅੰਦਰ-ਲੀਆਂ ਕਈ ਨਾਮਵਰ ਹਸਤੀਆਂ ਜੋ ਲਹਿਰ ਅੰਦਰਲੇ ਵਿਗਾੜਾਂ ਨੂੰ ਲਗਾਤਾਰ ਹਮਾਇਤ ਤੇ ਹੱਲਾਸ਼ੇਰੀ ਦਿੰਦੀਆਂ ਆ ਰਹੀਆਂ ਸਨ, ਲਹਿਰ ਨਾਲ ਵਾਪਰੇ ਇਸ ਵੱਡੇ ਹਾਦਸੇ ਤੋਂ ਵੀ ਕੋਈ ਸਬਕ ਸਿੱਖਣ ਲਈ ਤਿਆਰ ਨਹੀਂ ਸਨ। 'ਜੋ ਹੋ ਗਿਆ ਸੋ ਹੋ ਗਿਆ' ਦੀ ਗਲਤ ਪਹੁੰਚ ਅਪਣਾ ਕੇ ਉਨ੍ਹਾਂ ਵਲੋਂ ਆਪਣੇ ਗਲਤ ਰੋਲ ਉੱਤੇ ਮਿੱਟੀ ਪਾਉਣ ਦੇ ਯਤਨ ਕੀਤੇ ਜਾ ਰਹੇ ਸਨ। ਪਰ ਜਨਰਲ ਲਾਭ ਸਿੰਘ ਸਾਕਾ "ਕਾਲੀ ਗਰਜ" ਲਈ ਜ਼ੁੰਮੇਵਾਰ ਸਿਧਾਂਤ-ਹੀਣ ਲੋਕਾਂ ਨੂੰ ਬਖਸ਼ਣ ਲਈ ਤਿਆਰ ਨਹੀਂ ਸੀ। ਉਨ੍ਹਾਂ ਗਲਤ ਸੋਚ ਅਤੇ ਮਾੜੇ ਅਮਲਾਂ ਦੀਆਂ ਅਲੰਬਰਦਾਰ ਤਾਕਤਾਂ ਨੂੰ ਸਿਧਾਂਤਕ ਪੜਚੋਲ ਦੇ ਰਗੜ-ਮਾਂਜੇ ਹੇਠ ਲਿਆ ਕੇ ਖਾੜਕੂ ਲਹਿਰ ਨੂੰ ਅੰਦਰੂਨੀ ਰੋਗਾਂ ਤੋਂ ਮੁਕਤ ਕਰਾਉਣ ਦੀ ਪੱਕੀ ਧਾਰ ਰੱਖੀ ਸੀ। ਸ਼ਹੀਦ ਹੋਣ ਮੌਕੇ ਉਨ੍ਹਾਂ ਦੀ ਜੇਬ ਵਿਚੋਂ ਜੋ ਦਸਤਾਵੇਜ਼ ਪੁਲਸ ਦੇ ਹੱਥ ਲੱਗੀ ਦੱਸੀ ਜਾਂਦੀ ਹੈ, ਉਸ ਤੋਂ ਭਾਈ ਸਾਹਿਬ ਹੁਰਾਂ ਦੀ ਸਿਧਾਂਤਕ ਸੋਚਣੀ ਦੀ ਸਾਫ਼ ਝਲਕ ਮਿਲਦੀ ਹੈ। ਛੇ ਸਫ਼ਿਆਂ ਦੀ ਇਸ ਹੱਥ ਲਿਖਤ ਦਸਤਾਵੇਜ਼ ਅੰਦਰ ਖਾੜਕੂ ਲਹਿਰ ਦੀਆਂ ਘਾਟਾਂ ਤੇ ਕਮਜ਼ੋਰੀਆਂ ਨੂੰ ਨੰਗੀ ਅੱਖ ਨਾਲ ਪਛਾਨਣ ਅਤੇ ਸੰਘਰਸ਼ ਦੀ ਚੜ੍ਹਦੀ ਕਲਾ ਲਈ ਇਹਨਾਂ ਉੱਤੇ ਸਖਤੀ ਨਾਲ ਕਾਬੂ ਪਾਉਣ ਦੀ ਸਿਧਾਂਤਕ ਵਕਾਲਤ ਕੀਤੀ ਗਈ ਸੀ। ਦਸਤਾਵੇਜ਼ ਅੰਦਰ, ਸਿੱਖੀ ਸਿਧਾਂਤ ਤੋਂ ਭਟਕੇ ਹਥਿਆਰਬੰਦ ਟੋਲਿਆਂ ਵਲੋਂ ਮਚਾਈ ਲੁੱਟ-ਮਾਰ, ਚੋਣਵੇਂ ਦੁਸ਼ਮਣਾਂ ਉੱਤੇ ਹਮਲੇ ਸੇਧਣ ਦੀ ਥਾਂ ਹਾਰੀ-ਸਾਰੀ ਨੂੰ ਗੋਲੀਆਂ ਨਾਲ ਭੁੰਨ ਸੁੱਟਣ ਵਾਲੀ ਅੰਨ੍ਹੀ ਹਿੰਸਾਤਮਿਕ ਬਿਰਤੀ, ਹਰ ਸਿਆਸੀ ਵਿਰੋਧੀ ਨੂੰ ਦੁਸ਼ਮਣ ਕਰਾਰ ਦੇ ਕੇ ਗੋਲੀ ਮਾਰ ਦੇਣ ਦੀ ਗਲਤ ਰੁਚੀ, ਦਲੀਲ ਦੀ ਬਜਾਇ ਹਰ ਵਿਰੋਧੀ ਨੂੰ ਗੋਲੀ ਨਾਲ ਨਜਿੱਠਣ ਦੀ ਧੱਕੜਸ਼ਾਹ ਪਹੁੰਚ, ਅਤੇ ਅਜਿਹੀਆਂ ਹੀ ਕੁਝ ਹੋਰ ਕਮਜ਼ੋਰੀਆਂ ਉੱਤੇ ਉਂਗਲ ਧਰੀ ਗਈ ਸੀ। ਖਾੜਕੂ ਲਹਿਰ ਨੂੰ ਅੱਗੇ ਵਧਾਉਣ ਲਈ ਸਿਧਾਂਤਕ ਤੇ ਸਿਆਸੀ ਤੌਰ 'ਤੇ ਸੁਲਝੀ ਹੋਈ ਲੀਡਰਸ਼ਿੱਪ ਵਿਕਸਿਤ ਕਰਨ ਦੇ ਕਾਰਜ ਦੀ ਲੋੜ ਤੇ ਅਹਿਮੀਅਤ ਨੂੰ ਤਿੱਖੇ ਰੂਪ 'ਚ ਉਭਾਰਿਆਂ ਗਿਆ ਸੀ।

ਜਾਣਕਾਰ ਸੂਤਰਾਂ ਅਨੁਸਾਰ ਭਾਈ ਲਾਭ ਸਿੰਘ ਹੁਰੀਂ ਇਸ ਦਸਤਾਵੇਜ਼ ਅੰਦਰ ਦਰਜ ਵਿਸ਼ਲੇਸ਼ਣ ਦੀ ਰੋਸ਼ਨੀ ਵਿਚ ਆਪਣੇ ਨੇੜਲੇ ਸਾਥੀਆਂ ਨਾਲ ਗੰਭੀਰ ਵਿਚਾਰ-ਵਟਾਂਦਰੇ ਦਾ ਅਮਲ ਜਾਰੀ ਰੱਖ ਰਹੇ ਸਨ। ਇਕ ਸੱਚੇ ਜੁਝਾਰੂ ਵਾਂਗ ਉਹ ਲਹਿਰ ਦੇ ਬਾਹਰਲੇ ਤੇ ਅੰਦਰਲੇ-ਦੋਨੋਂ ਕਿਸਮ ਦੇ ਦੁਸ਼ਮਣਾਂ ਨਾਲ ਮਿੜਿਕਣ ਲਈ ਢੁਕਵੀਂ ਰਣ-ਨੀਤੀ ਤਿਆਰ ਕਰਨ ਦੇ ਸਿਧਾਂਤਕ ਅਮਲ ਵਿਚ ਜੁਟੇ ਹੋਏ ਸਨ। ਪਰ ਕੁਦਰਤ ਨੂੰ ਸ਼ਾਇਦ ਕੁਝ ਹੋਰ ਮਨਜ਼ੂਰ ਸੀ। ਮੌਤ ਦੇ ਬੇਰਹਿਮ ਪੰਜੇ ਨੇ ਲਹਿਰ ਦਾ ਇਹ ਹੋਣਹਾਰ ਆਗੂ ਤੇ ਗੁਣਵਾਨ ਸੂਰਮਾ ਐਨ ਉਸ ਵਕਤ ਖੋਹ ਲਿਆ ਜਦ ਲਹਿਰ ਨੂੰ ਉਸ ਦੀ ਭਾਰੀ ਲੋੜ ਸੀ। ਭਾਈ ਲਾਭ ਸਿੰਘ ਦੀ ਭੇਦ-ਭਰੇ ਢੰਗ ਨਾਲ ਹੋਈ ਸ਼ਹਾਦਤ ਖਾੜਕੂ ਲਹਿਰ ਲਈ ਇਕ ਬੜਾ ਭਾਰੀ ਘਾਟਾ, ਇਕ ਵੱਡੀ ਭਾਰੀ ਸੱਟ ਸੀ।— ਪਰ ਜਿਉਂਦੀਆਂ ਲਹਿਰਾਂ ਹਰ ਸੱਟ ਜਰਨ ਦਾ ਦਮ ਰੱਖ-ਦੀਆਂ ਹਨ। ਖਾੜਕੂ ਲਹਿਰ ਨੇ ਆਪਣੇ ਹੋਣਹਾਰ ਜਰਨੈਲ ਦੀ ਬੇਵਕਤੀ ਸ਼ਹਾਦਤ ਨੂੰ ਇਕ ਚੁਣੌਤੀ ਵਜੋਂ ਲਿਆ ਅਤੇ ਉਸ ਦੁਆਰਾ ਅਧਵਾਟੇ ਛੱਡੇ ਸਿਧਾਂਤਕ ਅਮਲ ਨੂੰ ਅੱਗੇ ਖੜਨ ਲਈ ਸਿਰੜੀ ਯਤਨ ਜਾਰੀ ਰੱਖੇ। ਤਿੰਨ ਸਾਲਾਂ ਦੇ ਅਰਸੇ ਦੌਰਾਨ ਸ਼ਹੀਦ (ਜਨਰਲ) ਲਾਭ ਸਿੰਘ ਦੀ ਸੋਚ ਨੂੰ ਪ੍ਰਫੁਲਤ ਕਰਨ ਲਈ ਕਾਫ਼ੀ ਕੁਝ ਸ਼ਲਾਘਾਯੋਗ ਕੀਤਾ ਗਿਆ ਹੈ। ਪਰ ਅਜੇ ਬਹੁਤ ਕੁਝ ਹੋਰ ਕਰਨ ਵਾਲਾ ਬਾਕੀ ਹੈ। ਲਹਿਰ ਅਜੇ ਵੀ ਅੰਦਰੂਨੀ ਵਿਗਾੜਾਂ ਤੇ ਕਮਜ਼ੋਰੀਆਂ ਦਾ ਸੰਤਾਪ ਹੰਢਾ ਰਹੀ ਹੈ। ਲਹਿਰ ਸਾਹਮਣੇ ਅਜੇ ਵੀ ਵੱਡੇ ਖਤਰੇ ਤੇ ਚੁਣੌਤੀਆਂ ਦਰਪੇਸ਼ ਹਨ। ਲਹਿਰ ਨੂੰ ਅੰਦ-ਰੂਨੀ ਸ਼ੁਧਤਾ ਤੇ ਸਿਧਾਂਤਕ ਤਕੜਾਈ ਬਖਸ਼ਣ ਲਈ ਦ੍ਰਿੜ੍ਹ ਸੰਕਲਪ ਦੁਹਰਾਉਣਾ ਹੀ ਸ਼ਹੀਦ (ਭਾਈ) ਲਾਭ ਸਿੰਘ ਨੂੰ ਸੱਚੀ ਸ਼ਰਧਾਂਜਲੀ ਭੇਂਟ ਕਰਨਾ ਹੈ।

★

# ਆਰਥਿਕ ਸੰਕਟ ਦਾ ਪੰਜਾਬ ਦੀ ਕਿਸਾਨੀ 'ਤੇ ਪ੍ਰਭਾਵ

ਪੰਜਾਬ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਜ਼ਰੱਈ ਪੈਦਾਵਾਰ ਹੈ। ਇਹ ਜ਼ਰੱਈ ਪੈਦਾਵਾਰ ਪਹਿਲਾ ਹੀ ਖਤਰੇ ਦੀ ਹਾਲਤ 'ਚ ਚਲੀ ਆ ਰਹੀ ਹੈ। ਪਿਛਲੇ ਅਨੇਕਾਂ ਸਾਲਾਂ ਤੋਂ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੀ ਜ਼ਰਈ ਪੈਦਾਵਾਰ ਦੀਆਂ ਕੀਮਤਾਂ ਨੂੰ ਕੀਮਤ ਸੂਚਕ ਅੰਕ (Price Index) ਨਾਲ ਜੋੜਨ ਦੀ ਮੰਗ ਕਰਦੀ ਆ ਰਹੀ ਹੈ। ਕਿਉਂਕਿ ਖੇਤੀ ਦੀ ਵਰਤੋਂ 'ਚ ਆਉਂਦੀਆਂ ਵਸਤਾਂ ਦੀਆਂ ਕੀਮਤਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ ਪਰ ਉਸ ਹਿਸਾਬ ਨਾਲ ਪੈਦਾਵਾਰ ਦੀ ਕੀਮਤ ਨਹੀਂ ਵਧ ਰਹੀ। ਇਉਂ ਪੰਜਾਬ ਦੀ ਕਿਸਾਨੀ ਪਹਿਲਾ ਹੀ ਘਾਟੇ ਦਾ ਸ਼ਿਕਾਰ ਹੁੰਦੀ ਆ ਰਹੀ ਹੈ।

ਹੁਣ ਜਿਵੇਂ ਕੇਂਦਰੀ ਹਕੂਮਤ ਇਸ ਆਰਥਿਕ ਸੰਕਟ ਦਾ ਹੱਲ ਕਰਨ ਲਈ ਕੌਮਾਂਤਰੀ ਮੁਦਰਾ ਫੰਡ (I.M.F.) ਤੋਂ ਕਰਜ਼ਾ ਲੈਣ ਜਾ ਰਹੀ ਹੈ, ਉਸ ਦਾ ਪਹਿਲਾ ਭਾਰ ਕਿਸਾਨੀ 'ਤੇ ਪੈਣਾ ਹੈ। ਇਸ ਕਰਜ਼ੇ ਦੀ ਸਭ ਤੋਂ ਮੁੱਢਲੀ ਸ਼ਰਤ ਖੇਤੀ ਨਾਲ ਸੰਬੰਧਤ ਸਬਸਿਡੀਆ (ਰਿਆਇਤਾਂ) ਨੂੰ ਘਟਾਉਣਾ ਹੈ।

ਇਉਂ ਕੌਮਾਂਤਰੀ ਮੁਦਰਾ ਫੰਡ ਵੱਲੋਂ ਜ਼ੋਰ ਪਾਇਆ ਜਾ ਰਿਹਾ ਹੈ ਕਿ ਸਭ ਤੋਂ ਪਹਿਲਾ ਖਾਦਾਂ ਤੇ ਕੀੜੇ ਮਾਰ ਦੁਆਈਆਂ 'ਤੇ ਦਿੱਤੀਆਂ ਜਾ ਰਹੀਆਂ ਰਿਆਇਤਾਂ ਖ਼ਤਮ ਕਰ ਦਿੱਤੀਆਂ ਜਾਣ। ਇਨ੍ਹਾਂ ਰਿਆਇਤਾਂ ਨੂੰ ਖਤਮ ਕਰਨ ਦਾ ਮਤਲਬ ਖਾਦਾਂ ਤੇ ਕੀੜੇ ਮਾਰ ਦੁਆਈਆਂ ਦੀਆ ਕੀਮਤਾਂ ਦਾ ਵਧਣਾ ਹੈ। ਇਸ ਲਈ ਇਨ੍ਹਾਂ ਕੀਮਤਾਂ ਦੇ ਵਧਣ ਦਾ ਸਾਰਾ ਬੋਝ ਕਿਸਾਨੀ 'ਤੇ ਪਵੇਗਾ।

ਇਸ ਦੇ ਨਾਲ ਹੀ ਕੌਮਾਂਤਰੀ ਮੁਦਰਾ ਫੰਡ ਮੰਗ ਕਰ ਰਹੀ ਹੈ ਕਿ ਬਿਜਲੀ ਖਪਤ 'ਤੇ ਰਿਆਇਤੀ ਦਰ ਖਤਮ ਕਰ ਦਿੱਤੀ ਜਾਵੇ। ਜਿਵੇਂ ਕਿ ਨਵੇਂ ਬਣੇ ਕੇਂਦਰੀ ਬਿਜਲੀ ਮੰਤਰੀ ਕਲਪਨਾਥ ਰਾਏ ਦੇ ਬਿਆਨਾਂ ਤੋਂ ਸਪੱਸ਼ਟ ਹੁੰਦਾ ਹੈ ਸਰਕਾਰ ਮੁਦਰਾ ਫੰਡ ਏਜੰਸੀ ਦੀ ਇਹ ਸ਼ਰਤ ਵੀ ਲਾਗੂ ਕਰਨ ਬਾਰੇ ਸੋਚ ਰਹੀ ਹੈ। ਕਲਪਨਾਥ ਰਾਏ ਨੇ ਕਿਹਾ ਹੈ ਕਿ ਉਸਦਾ ਪਹਿਲਾ ਕੰਮ ਕੇਂਦਰੀ ਤੇ ਸੂਬਾ ਬਿਜਲੀ ਬੋਰਡਾਂ ਦੇ ਘਾਟੇ ਨੂੰ ਖਤਮ ਕਰਨਾ ਹੈ। ਜਿਸ ਦਾ ਭਾਵ ਹੈ ਨਿੱਤ ਵਰਤੋਂ ਦੀਆਂ ਬਿਜਲੀ ਦਰਾਂ 'ਚ ਵੱਡੀ ਪੱਧਰ 'ਤੇ ਵਾਧਾ ਕੀਤਾ ਜਾਵੇਗਾ। ਕੌਮਾਂਤਰੀ ਮੁਦਰਾ ਫੰਡ ਦੇ ਆਰਥਿਕ ਮਾਹਿਰ ਕਹਿ ਰਹੇ ਹਨ ਕਿ ਖੇਤੀ 'ਚ ਵਰਤੀ ਜਾਂਦੀ ਬਿਜਲੀ ਵੀ ਕਿਸਾਨਾਂ ਨੂੰ ਵਪਾਰਿਕ ਰੇਟਾਂ 'ਤੇ ਦਿੱਤੀ ਜਾਵੇ। ਇਸ ਦਾ ਮਤਲਬ ਖੇਤੀ 'ਚ ਵਰਤੀ ਜਾਂਦੀ ਬਿਜਲੀ ਦੇ ਰੇਟਾਂ 'ਚ ਇਕ ਦਮ ਵਾਧਾ ਕਰਨਾ ਹੈ।

ਇਨ੍ਹਾਂ ਆਰਥਿਕ ਮਾਹਿਰਾਂ ਦੀ ਭਾਰਤ ਨੂੰ ਕਰਜ਼ਾ ਦੇਣ ਲਈ ਇਕ ਹੋਰ ਸ਼ਰਤ ਇਹ ਹੈ ਕਿ ਕਿਸਾਨਾਂ ਨੂੰ ਦਿੱਤੇ ਜਾਂਦੇ ਕਰਜ਼ੇ ਦੀਆਂ ਰਿਆਇਤੀ ਦਰਾਂ ਖਤਮ ਕਰ ਦਿੱਤੀਆਂ ਜਾਣ। ਉਹ ਇਹ ਵੀ ਕਹਿ ਰਹੇ ਹਨ ਕਿ ਗਰੀਬ ਕਿਸਾਨੀ ਦੇ ਕਰਜ਼ੇ ਮਾਫ਼ ਕਰਨ ਦੀ ਪਿਰਤ ਬਿਲਕੁਲ ਖਤਮ ਕੀਤੀ ਜਾਵੇ ਤੇ ਨਾਲੇ ਕਿਸਾਨਾਂ ਨੂੰ ਦਿੱਤੇ ਜਾਂਦੇ ਕਰਜ਼ਿਆਂ 'ਤੇ ਵਿਆਜ ਦੀਆਂ ਵਪਾਰਿਕ ਦਰਾਂ ਵਸੂਲੀਆਂ ਜਾਣ। ਵਿਆਜ ਦੀਆਂ ਇਹ ਵਪਾਰਿਕ ਦਰਾਂ 18ਵੀਂ ਸਦੀ ਤਕ ਉੱਚੀਆਂ ਹਨ। ਕੌਮਾਂਤਰੀ ਮੁਦਰਾ ਫੰਡ ਦੇ ਆਰਥਿਕ ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਜੋ ਪਹਿਲਾ ਹੋ ਗਿਆ ਸੋ ਹੋ ਗਿਆ ਪਰ ਹੁਣ ਤੋਂ ਬਾਦ ਜੇ ਕੋਈ ਵੀ ਕਿਸਾਨ ਭਾਵੇਂ ਕਿਸੇ ਵੀ ਮਜ਼ਬੂਰੀ ਕਰਕੇ ਜੇ ਕਰਜ਼ੇ ਦੀ ਅਦਾਇਗੀ ਨਹੀ ਕਰਦਾ ਤਾਂ ਉਨ੍ਹਾਂ ਵਿਰੁੱਧ ਫੌਰੀ ਸਖਤ ਕਾਰਵਾਈ ਕੀਤੀ ਜਾਵੇ।

ਸਰਕਾਰ ਵਲੋਂ ਇਹ ਸਾਰੇ ਕਿਸਾਨ ਵਿਰੋਧੀ ਕਦਮ ਲੈਣ ਤੋਂ ਬਾਦ ਮੁਦਰਾ ਫੰਡ ਦੀ ਇਹ ਸ਼ਰਤ ਹੈ ਕਿ ਅਨਾਜ ਨੂੰ ਖਰੀਦਣ ਲਈ ਦਿੱਤੀ ਜਾਂਦੀ ਰਿਆਇਤ ਬਿਲਕੁੱਲ ਖਤਮ ਕਰ ਦਿੱਤੀ ਜਾਵੇ। ਇਹ ਹੈ ਉਹ ਸ਼ਰਤ ਜਿਸ ਨੇ ਦੁਨੀਆਂ ਭਰ 'ਚ "ਆਈ. ਐਮ. ਐਫ. ਦੰਗੇ" ਕਰਵਾਏ ਹਨ। ਇਸ ਦਾ ਕਿਸਾਨੀ ਤੇ ਖਾਸ ਕਰਕੇ ਪੰਜਾਬ ਦੀ ਕਿਸਾਨੀ 'ਤੇ ਮਾਰੂ ਅਸਰ ਪੈਣਾ ਹੈ। ਇਸਨੇ ਸਾਰੇ ਤਬਕਿਆ ਦੇ ਗਰੀਬਾਂ ਦਾ ਜੀਉਣਾ ਦੁਭਰ ਕਰ ਦੇਣਾ ਹੈ। ਪਹਿਲਾਂ ਹੀ ਛੜੱਪੇ ਮਾਰ ਕੇ ਵਧ ਰਹੀ ਮਹਿੰਗਾਈ ਦੇ ਨਾਲ ਹੀ ਅਨਾਜ ਦੀਆਂ ਕੀਮਤਾਂ ਅਸਮਾਨੀ ਛੂਹਣ ਲਗ ਪੈਣੀਆ ਹਨ। ਇਸ ਸ਼ਰਤ ਦਾ ਸਿੱਧਾ ਅਰਥ ਹੈ ਕਿ ਅਨਾਜ ਖਰੀਦਣ ਵਾਲੀ ਸਰਕਾਰੀ ਏਜੰਸੀ ਫੂਡ ਕਾਰਪੋਰੇਸ਼ਨ ਨੂੰ ਦਿੱਤੀ ਜਾਂਦੀ ਸਬਸਿਡੀ ਖਤਮ ਕਰ ਦਿੱਤੀ ਜਾਵੇ ਤੇ ਕਿਸਾਨਾਂ ਨੂੰ ਅਨਾਜ ਵੇਚਣ ਲਈ (ਬਾਣੀਆਂ) ਵਪਾਰੀਆਂ ਦੇ ਰਹਿਮੋਕਰਮ 'ਤੇ ਛੱਡ ਦਿੱਤਾ ਜਾਵੇ। ਇਸ ਤਰ੍ਹਾਂ ਕੌਮਾਂਤਰੀ ਮੁਦਰਾ ਫੰਡ ਵੱਲੋਂ ਕਰਜ਼ਾ ਦੇਣ ਵੇਲੇ ਲਾਈਆਂ ਜਾ ਰਹੀਆਂ ਸ਼ਰਤਾਂ ਜੇ ਲਾਗੂ ਕਰ ਦਿੱਤੀਆਂ ਗਈਆਂ ਤਾਂ ਪਹਿਲਾਂ ਤੋਂ ਪਿਸੀ ਪਈ ਕਿਸਾਨੀ ਦਾ ਕਚੂਮਰ ਕੱਢ ਦੇਣਗੀਆ।

# ਆਰਥਿਕ ਸੰਕਟ ਦਾ ਸਾਰਾ ਬੋਝ ਲੋਕਾਂ 'ਤੇ ਪਏਗਾ

ਨਵੀਂ ਕੇਂਦਰੀ ਸਰਕਾਰ ਸਾਹਮਣੇ, ਸਭ ਤੋਂ ਗੰਭੀਰ ਸਮੱਸਿਆ ਦੇਸ਼ ਦੇ ਅਰਥਚਾਰੇ ਨੂੰ ਠੀਕ ਰਸਤੇ 'ਤੇ ਪਾਉਣ ਦੀ ਹੈ। ਲਗਪਗ ਸਾਰੀਆਂ ਸਿਆਸੀ ਪਾਰਟੀਆਂ ਇਸ ਗੱਲ 'ਤੇ ਸਹਿਮਤ ਹਨ ਕਿ ਦੇਸ਼ ਦੇ ਅਰਥਚਾਰੇ ਨੂੰ ਡੂੰਘੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਰਸਿਮਹ ਰਾਓ ਨੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ "ਕੌਮ ਦੇ ਨਾ ਆਪਣੇ ਪਹਿਲੇ ਸੰਦੇਸ਼" ਵਿਚ ਇਸ ਆਰਥਿਕ ਸੰਕਟ ਨੂੰ ਹੱਲ ਕਰਨ ਲਈ ਕੁਝ ਸਖ਼ਤ ਕਦਮ ਚੁਕਣ ਦੀ ਗੱਲ ਕੀਤੀ ਹੈ। ਆਪਣੇ ਇਸ ਭਾਸ਼ਣ 'ਚ ਉਸ ਨੇ ਦੇਸ਼ ਦੇ ਲੋਕਾਂ ਨੂੰ 'ਆਪੋ ਆਪਣੇ ਢਿੱਡਾਂ ਨੂੰ ਗੰਢ ਦੇਣ' ਲਈ ਵੀ ਕਿਹਾ ਹੈ। ਜਿਸ ਦਾ ਭਾਵ ਹੈ ਕਿ ਲੋਕ ਹੋਰ ਆਰਥਿਕ ਬੋਝ ਸਹਿਣ ਲਈ ਮਾਨਸਿਕ ਤੌਰ 'ਤੇ ਤਿਆਰ ਰਹਿਣ। ਦੇਸ਼ ਨੂੰ ਦਰਪੇਸ਼ ਇਸ ਆਰਥਿਕ ਸੰਕਟ ਦਾ ਹੱਲ ਕਰਨ ਲਈ ਕਾਂਗਰਸ ਨੇ ਰਵਾਇਤ ਤੋਂ ਹੱਟ ਕਿ ਪਹਿਲੀ ਵਾਰ ਇਕ "ਅਰਥ ਵਿਗਿਆਨੀ" ਮਨਮੋਹਨ ਸਿੰਘ ਨੂੰ ਵਿੱਤ ਮੰਤਰੀ ਬਣਾਇਆ ਹੈ। ਮਨਮੋਹਨ ਸਿੰਘ ਕੌਮਾਂਤਰੀ ਮੁਦਰਾ ਫੰਡ ਦੇ ਇਕ ਅਹਿਮ ਅਹੁਦੇ ਤੇ ਕੰਮ ਕਰ ਚੁੱਕਾ ਹੈ।

## ਆਰਥਿਕ ਸੰਕਟ ਦਾ ਪ੍ਰਗਟਾਵਾ

ਗੰਭੀਰ ਆਰਥਿਕ ਸੰਕਟ ਦਾ ਪ੍ਰਗਟਾਵਾ ਦੋ ਪੱਧਰਾਂ 'ਤੇ ਹੋ ਰਿਹਾ ਹੈ। ਪਹਿਲੀ ਬਦੇਸੀ ਵਪਾਰ 'ਚ ਵੱਧ ਰਿਹਾ ਘਾਟਾ (ਬਰਾਮਦ ਤੇ ਦਰਾਮਦ 'ਚ ਪਾੜਾ) ਤੇ ਦੂਜਾ ਬਜਟ 'ਚ ਵਧ ਰਿਹਾ ਘਾਟਾ। ਬਦੇਸੀ ਵਪਾਰ 'ਚ ਘਾਟਾ ਜਿਹੜਾ ਸਾਲ 1989-90 'ਚ 7730 ਕਰੋੜ ਰੁਪਏ ਸੀ 1990-91 ਦੇ ਸਾਲ ਲਈ ਵਧ ਕੇ 10943 ਕਰੋੜ ਰੁਪਏ ਹੋ ਗਿਆ ਹੈ। ਇਸ ਵਪਾਰ ਘਾਟੇ ਨੂੰ ਆਰਜ਼ੀ ਤੌਰ 'ਤੇ ਪੂਰਾ ਕਰਨ ਲਈ ਚੰਦਰ ਸ਼ੇਖਰ ਸਰਕਾਰ ਨੇ ਪਹਿਲਾ ਖੜੇ ਪੈਰ ਕੌਮਾਂਤਰੀ ਮੁਦਰਾ ਫੰਡ ਤੋਂ 3600 ਕਰੋੜ ਰੁਪਏ (1·8 ਅਰਬ ਡਾਲਰ) ਦੇ ਕਰੀਬ ਕਰਜ਼ਾ ਲਿਆਂ ਤੇ ਜਾਂਦੇ ਜਾਂਦੇ 430 ਕਰੋੜ ਰੁਪਏ ਦਾ 200 ਕੁਇੰਟਲ ਸੋਨਾ ਵੀ ਵੇਚ ਦਿੱਤਾ। ਬਹੁਤੇ ਆਰਥਿਕ ਮਾਹਿਰ ਚੰਦਰ ਸ਼ੇਖਰ ਸਰਕਾਰ ਦੇ ਸੋਨਾ ਵੇਚਣ ਦੇ ਫੈਸਲੇ 'ਤੇ ਕਿੰਤੂ ਪ੍ਰੰਤੂ ਕਰਦੇ ਹੋਏ ਇਸ ਨੂੰ ਦੇਸ਼ ਦੇ ਅਰਥਚਾਰੇ ਦੇ ਦਿਵਾਲੀਆ ਹੋਣ ਦੇ ਸੰਕੇਤ ਵਜੋਂ ਲੈ ਰਹੇ ਹਨ।

ਇਹੀ ਹਾਲਤ ਬਜਟ ਘਾਟੇ (ਆਮਦਨ ਤੇ ਖਰਚ 'ਚ ਪਾੜਾ) ਦੀ ਹੈ। ਜਿਹੜੇ ਬਜਟ ਘਾਟੇ ਨੂੰ ਬਾਰ-ਬਾਰ ਦਸ ਹਜ਼ਾਰ ਕਰੋੜ ਰੁਪਏ ਤੱਕ ਸੀਮਤ ਰੱਖਣ ਲਈ ਕਿਹਾ ਜਾਂਦਾ ਹੈ ਉਹ ਬਜਟ ਘਾਟਾ ਪਿਛਲੇ ਸਾਲ 14 ਹਜ਼ਾਰ ਕਰੋੜ ਰੁਪਏ ਤੋਂ ਵਧ ਗਿਆ ਸੀ ਤੇ ਇਸ ਸਾਲ ਇਹ ਘਾਟਾ 20 ਹਜ਼ਾਰ ਕਰੋੜ ਰੁਪਏ ਤੋਂ ਵੀ ਵਧਦਾ ਨਜ਼ਰ ਆ ਰਿਹਾ ਹੈ। ਇਸ ਬਜਟ ਘਾਟੇ ਨੂੰ ਕੰਟਰੋਲ ਨਾ ਕਰ ਸਕਣ ਕਰ ਕੇ ਹੀ ਚੰਦਰ ਸ਼ੇਖਰ ਸਰਕਾਰ ਇਸ ਸਾਲ ਦਾ ਕੇਂਦਰੀ ਬਜਟ ਵੀ ਪੇਸ਼ ਨਹੀਂ ਕਰ ਸਕੀ ਸੀ।

## ਲੋਕਾਈ 'ਤੇ ਅਸਰ

ਦਿਨੋ ਦਿਨ ਗੰਭੀਰ ਹੁੰਦੇ ਜਾ ਰਹੇ ਇਸ ਆਰਥਿਕ ਸੰਕਟ ਦਾ ਅਨੇਕਾਂ ਪੱਧਰਾਂ 'ਤੇ ਲੋਕਾਂ 'ਤੇ ਅਸਰ ਪੈ ਰਿਹਾ ਹੈ। ਪਰ ਦੋ ਪੱਧਰਾਂ 'ਤੇ ਤਾਂ ਇਸ ਦਾ ਪ੍ਰਗਟਾਵਾ ਸਪੱਸ਼ਟ ਰੂਪ 'ਚ ਹੋ ਰਿਹਾ ਹੈ। ਨੰਬਰ ਇਕ, ਦਿਨੋ ਦਿਨ ਵਧ ਰਹੀ ਮਹਿੰਗਾਈ ਅਤੇ ਨੰਬਰ ਦੋ, ਛੜੱਪੇ ਮਾਰ ਕੇ ਵਧ ਰਹੀ ਬੇਰੁਜ਼ਗਾਰੀ।

ਨਿੱਤ ਦਿਨ ਛਾਲਾਂ ਮਾਰ ਕੇ ਵਧ ਰਹੀ ਮਹਿੰਗਾਈ ਦੀ ਮਾਰ ਗਰੀਬ ਤਬਕਾ ਪਹਿਲਾਂ ਹੀ ਝਲ ਰਿਹਾ ਹੈ। ਆਮ ਵਰਤੋਂ ਦੀਆਂ ਵਸਤੂਆਂ ਦੀਆਂ ਕੀਮਤਾਂ ਅਸਮਾਨੀ ਚੜ੍ਹੀ ਜਾ ਰਹੀਆਂ ਹਨ। 100 ਦਿਨ 'ਚ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਜੁਲਾਈ ਨੱਬੇ ਦੀ ਪੱਧਰ ਤੱਕ ਲਿਆਉਣ ਦੇ ਦਮਗਜ਼ੇ ਮਾਰਨ ਵਾਲੀ ਕਾਂਗਰਸ ਨੇ ਗੱਦੀ 'ਤੇ ਬੈਠਦਿਆਂ ਹੀ ਇਸ ਗੱਲ ਤੋਂ ਮੁਕਰਨਾ ਸ਼ੁਰੂ ਕਰ ਦਿੱਤਾ ਹੈ। ਆਪਣੀ ਪਹਿਲੀ ਪ੍ਰੈਸ ਕਾਨਫਰੰਸ ਵਿਚ ਹੀ ਨਵੇਂ ਵਿੱਤ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਹੈ ਕਿ, "100 ਦਿਨ 'ਚ ਮਹਿੰਗਾਈ ਨੂੰ ਠੱਲ ਪਾਉਣ ਦਾ ਵਾਇਦਾ ਕਰਨ ਵੇਲੇ ਰਾਜੀਵ ਗਾਂਧੀ ਨੂੰ ਆਰਥਿਕ ਸੰਕਟ ਦੇ ਪੱਧਰ ਦਾ ਅਹਿਸਾਸ ਨਹੀਂ ਸੀ।" ਕਾਂਗਰਸ ਪਾਰਟੀ ਵਲੋਂ ਦੇਸ਼ ਦੇ ਲੋਕਾਂ ਨਾਲ ਇਸ ਤੋਂ ਵੱਡਾ ਮਜ਼ਾਕ ਹੋਰ ਕੀ ਹੋ ਸਕਦਾ ਹੈ। ਜਿਸ ਨੇ ਚੋਣਾਂ ਜਿੱਤਣ ਦੇ ਚੰਦ ਦਿਨਾਂ 'ਚ ਹੀ ਆਪਣੇ ਮੈਨੀਫੈਸਟੋ 'ਚ ਲੋਕਾਂ ਨਾਲ ਕੀਤੇ ਵਾਇਦਿਆਂ 'ਤੇ ਜਨਤਕ ਤੌਰ 'ਤੇ ਕਾਲਖ ਪੋਤਣੀ ਸ਼ੁਰੂ ਕਰ ਦਿੱਤੀ ਹੈ। ਮਹਿੰਗਾਈ ਘਟਾਉਣ ਦੀ ਬਜਾਏ ਸਗੋਂ ਆਪਣੇ ਢਿੱਡਾਂ ਨੂੰ ਗੰਢਾਂ ਦੇਣ ਦੀਆਂ ਅਪੀਲਾਂ ਕਰ ਕੇ ਇਹ ਲੋਕਾਂ ਨੂੰ ਹੋਰ ਮਹਿੰਗਾਈ ਸਹਿਣ ਲਈ ਮਾਨ-ਸਿਕ ਤੌਰ 'ਤੇ ਤਿਆਰ ਕਰ ਰਹੀ ਹੈ। ਮੁਦਰਾ ਪਸਾਰ ਦੀ ਦਰ ਜਿਹੜੀ 1989-90 'ਚ 9ਫੀ ਸਦੀ ਸੀ 90-91 'ਚ 12ਫੀ ਸਦੀ ਹੋ ਗਈ। ਇਹ ਦਰ ਇਸ ਸਾਲ ਹੋਰ ਵੀ

ਵਧ ਗਈ ਹੈ। ਇਉਂ ਰੁਪਈਏ ਦੀ ਕੀਮਤ ਨੂੰ ਪੈ ਰਿਹਾ ਖੋਰਾ ਲੋਕਾਂ ਦੀ ਖਰੀਦ ਸ਼ਕਤੀ ਨੂੰ ਦਿਨੋ ਦਿਨ ਘਟਾਉਂਦਾ ਜਾ ਰਿਹਾ ਹੈ। ਜਿਹੜੀ ਵਸਤ ਪਹਿਲਾ 5 ਰੁਪਏ ਦੀ ਆਉਂਦੀ ਸੀ ਹੁਣ ਉਹ 25 ਰੁਪਏ 'ਚ ਵੀ ਨਹੀਂ ਮਿਲਦੀ।

ਇਹੀ ਹਾਲਤ ਬੇਰੁਜ਼ਗਾਰੀ ਦੀ ਹੈ। ਆਏ ਸਾਲ ਰੁਜ਼ਗਾਰ ਦੇ ਵਸੀਲੇ ਲਗਾਤਾਰ ਘਟ ਰਹੇ ਹਨ। ਹਰ ਸਾਲ ਕਰੋੜਾਂ ਨੌਜਵਾਨ ਬੇਰੁਜ਼ਗਾਰਾਂ ਦੀ ਲਾਈਨ 'ਚ ਲਗਦੇ ਜਾ ਰਹੇ ਹਨ। ਮੌਜੂਦਾ ਪੈਦਾਵਾਰੀ ਢਾਂਚੇ 'ਚ, ਜਿਥੇ ਮੁਨਾਫ਼ਾ ਕਮਾਉਣਾ ਹੀ ਜ਼ਿੰਦਗੀ ਦਾ ਸਭ ਤੋਂ ਵੱਡਾ ਅਸੂਲ ਹੈ, ਪਹਿਲਾਂ ਹੀ ਰੁਜ਼ਗਾਰ ਦੇ ਮੌਕੇ ਬਹੁਤ ਘੱਟ ਹਨ। ਪਰ ਆਰ-ਥਿਕ ਨੀਤੀ 'ਚ ਕੀਤੀਆ ਜਾ ਰਹੀਆਂ ਤਬਦੀਲੀਆਂ ਕਾਰਨ ਰੁਜ਼ਗਾਰ ਦੇ ਇਹ ਸੀਮਤ ਮੌਕੇ ਵੀ ਖਤਮ ਹੁੰਦੇ ਜਾ ਰਹੇ ਹਨ। 1983-88 'ਚ ਰੁਜ਼ਗਾਰ ਦੀ ਦਰ ਡੇਢ ਫ਼ੀ ਸਦੀ ਸੀ ਜਦੋਂ ਕਿ ਇਸ ਸਮੇਂ ਦੌਰਾਨ ਆਬਾਦੀ ਵਧਣ ਦੀ ਦਰ 2 ਫ਼ੀ ਸਦੀ ਸੀ। ਜਿਸ ਦਾ ਭਾਵ ਹੈ ਕਿ ਪਿਛਲੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਤਾਂ ਕੀ ਮਿਲਣਾ ਸੀ ਸਗੋਂ ਹਰ ਸਾਲ ਲੱਖਾਂ ਹੋਰ ਨੌਜਵਾਨ ਇਨ੍ਹਾਂ ਬੇਰੁਜ਼ਗਾਰਾਂ ਦੀ ਕਤਾਰ ਵਿਚ ਲੱਗਦੇ ਜਾ ਰਹੇ ਹਨ। 88 ਤੋਂ ਬਾਅਦ ਇਹ ਰੁਜ਼ਗਾਰ ਦੀ ਦਰ ਹੋਰ ਵੀ ਘਟ ਗਈ ਹੈ। ਆਰਥਿਕ ਸੰਕਟ ਕਾਰਨ ਕੇਂਦਰੀ ਸਰਕਾਰ ਤੇ ਸੂਬਿਆਂ 'ਚ ਮੁਲਾਜ਼ਮਾਂ ਦੀ ਭਰਤੀ 'ਤੇ ਲੱਗੀ ਪਾਬੰਦੀ ਕਰਕੇ ਰੁਜ਼ਗਾਰ ਦੇ ਸੀਮਤ ਮੌਕੇ ਵੀ ਲਗਪਗ ਬੰਦ ਹੋਣ ਕਿਨਾਰੇ ਹਨ। ਇਸ ਲਈ ਬੇਰੁਜ਼-ਗਾਰਾਂ ਦੀ ਗਿਣਤੀ ਦਿਨੋ ਦਿਨ ਨਾ ਸਹਿਣਯੋਗ ਹੱਦ ਤੱਕ ਵੱਧਦੀ ਜਾ ਰਹੀ ਹੈ। ਹਾਲਤ ਇਹ ਬਣ ਰਹੀ ਹੈ ਕਿ ਪਤਾ ਨਹੀਂ ਕਦੋਂ ਬੇਰੁਜ਼ਗਾਰ ਨੌਜਵਾਨਾਂ ਦਾ ਸਬਰ ਦਾ ਪਿਆਲਾ ਭਰ ਜਾਏ ਤੇ ਉਹ ਸੜਕਾਂ 'ਤੇ ਨਿਕਲ ਆਉਣ।

ਲੋੜ ਤਾਂ ਇਸ ਗੱਲ ਦੀ ਹੈ ਕਿ ਦੇਸ਼ ਦੇ ਆਰਥਿਕ ਵਸੀਲਿਆਂ ਨੂੰ ਇਉਂ ਵਿਉਤਬੱਧ ਕੀਤਾ ਜਾਵੇ ਕਿ ਸਾਰੇ ਲੋਕਾਂ ਨੂੰ ਰੁਜ਼ਗਾਰ ਦਿੱਤਾ ਜਾ ਸਕੇ ਅਤੇ ਨਿੱਤ ਦਿਨ ਛੜੱਪੇ ਮਾਰ ਰਹੀ ਮਹਿੰਗਾਈ ਨੂੰ ਨੱਥ ਪਾਈ ਜਾਵੇ। ਇਸ ਦੀ ਬਜਾਏ ਨਵੀਂ ਕੇਂਦਰੀ ਸਰਕਾਰ ਵਲੋਂ ਇਸ ਸੰਕਟ ਨੂੰ ਹੱਲ ਕਰਨ ਲਈ ਜਿਹੜੇ ਕਦਮ ਚੁੱਕੇ ਜਾ ਰਹੇ ਹਨ ਉਹ ਸਾਮਰਾਜੀਆਂ ਤੇ ਵੱਡੇ ਸਰਮਾਏਦਾਰਾਂ ਦੇ ਪੱਖੀ ਹੋਣ ਕਰਕੇ ਸਗੋਂ ਇਸ ਨੂੰ ਉਲਟੇ ਰੁਖ ਪ੍ਰਭਾਵਿਤ ਕਰਨਗੇ। ਇਉਂ ਇਸ ਆਰਥਿਕ ਸੰਕਟ ਦਾ ਸਾਰਾ ਬੋਝ ਸਧਾਰਨ ਲੋਕਾਂ 'ਤੇ ਪਾਇਆ ਜਾਵੇਗਾ।★

---

(ਅਖੀਰਲੇ ਸਫੇ ਦੀ ਬਾਕੀ)

**(ਭਾਈ ਜਗਰੂਪ ਸਿੰਘ ਕਾਲਖ...)**

ਨੂੰ ਪੁਲਿਸ ਅਧਿਕਾਰੀ ਕਿਵੇਂ ਸਹਿਣ ਕਰ ਸਕਦੇ ਸਨ? ਉਹਨਾਂ ਨੇ ਅਹਿਮਦਗੜ੍ਹ ਵਿਖੇ ਧੂਲਕੋਟ ਰੋਡ 'ਤੇ ਰੁਕਾਵਟਾਂ ਖੜ੍ਹੀਆਂ ਕਰਕੇ ਜਲੂਸ ਨੂੰ ਰੋਕ ਲਿਆ। ਪਰ ਲੋਕ ਇਹਨਾ ਰੁਕਾਵਟਾਂ ਨੂੰ ਭੰਨ ਕੇ ਅਗਾਂਹ ਨਿਕਲ ਤੁਰੇ। ਇਸ ਤੋਂ ਬਾਅਦ ਲੁਧਿਆਣੇ ਦੇ ਐਸ. ਪੀ. ਨੇ ਭਾਰੀ ਫੋਰਸ ਲੈ ਕੇ ਇਕ ਵਾਰ ਫਿਰ ਜਗੇੜਾ ਨਹਿਰ ਪੁਲ 'ਤੇ ਜਲੂਸ ਨੂੰ ਰੋਕ ਲਿਆ ਪਰ ਲੋਕਾਂ ਦੇ ਉਤਸ਼ਾਹ ਤੇ ਰੋਹ ਨੂੰ ਦੇਖਦੇ ਹੋਏ ਪੁਲਿਸ ਨੂੰ ਫਿਰ ਰੁਕਾਵਟਾ ਹਟਾਉਣ ਲਈ ਮਜਬੂਰ ਹੋਣਾ ਪਿਆ। ਇਸ ਤੋਂ ਬਾਅਦ 6 ਕਿਲੋਮੀਟਰ ਦੂਰ ਨਹਿਰ ਭੂਮ ਦੇ ਪੁੱਲ 'ਤੇ ਫਿਰ ਰੁਕਾਵਟਾਂ ਖੜੀਆਂ ਕਰਕੇ ਜਲੂਸ ਨੂੰ ਰੋਕਣ ਦੀ ਇਕ ਹੋਰ ਨਕਾਮ ਕੋਸ਼ਿਸ਼ ਕੀਤੀ ਗਈ।

ਖਾੜਕੂ ਸਿੱਖ ਲਹਿਰ ਦੇ 12 ਸਾਲਾਂ ਦੇ ਇਤਿਹਾਸ ਵਿਚ ਅਜਿਹੇ ਵਿਰਲੇ ਮੌਕੇ ਹੀ ਆਏ ਹਨ ਜਦੋਂ ਲੋਕਾਂ ਨੇ ਕਿਸੇ ਸ਼ਹੀਦ ਨੂੰ ਇਹ ਕਦਰ ਆਪਣੇ ਗਲ ਨਾਲ ਲਾਇਆ ਹੋਵੇ। ਇਹ ਗੁਣ ਹਾਸਲ ਕਰਨ ਵਾਲਿਆਂ ਵਿਚ ਸ਼ਹੀਦ ਜੁਗਰਾਜ ਸਿੰਘ ਉਰਫ਼ ਤੂਫ਼ਾਨ ਸਿੰਘ ਤੁਫਾਨ ਸ਼ਹੀਦ ਭਾਈ ਭੁਪਿੰਦਰ ਸਿੰਘ ਭਿੰਦਾ (ਕੰਮੋਕੇ) ਵਰਗਿਆਂ ਦੇ ਕੁਝ ਕੁ ਕੇਸ ਸਾਹਮਣੇ ਆਉਂਦੇ ਹਨ। ਇਹਨਾਂ ਸ਼ਹੀਦ ਸੂਰਮਿਆਂ ਦਾ ਆਪਣੇ ਲੋਕਾਂ ਅੰਦਰ ਏਨਾ ਜ਼ਿਆਦਾ ਹਰਮਨ ਪਿਆਰਾ ਹੋ ਜਾਣ ਦਾ ਰਾਜ਼ ਕੀ ਹੈ? ਸਿਰਫ਼ ਇਹ ਕਿ ਇਨ੍ਹਾਂ ਦੀ ਮੱਤ ਉੱਚੀ ਤੇ ਕਿਰਦਾਰ ਸੁੱਚਾ ਸੀ। ਇਹਨਾਂ ਨੂੰ ਪਤਾ ਸੀ ਕਿ ਲੋਕ ਕਿਸ ਗੱਲ ਨੂੰ ਸਲਾਹੁੰਦੇ ਹਨ ਤੇ ਕਿਸ ਗੱਲ ਨੂੰ ਨਫਰਤ ਕਰਦੇ ਹਨ। ਕਿਸ ਨਾਲ ਪੰਥ ਦੀ ਸ਼ਾਨ ਵਧਦੀ ਹੈ ਅਤੇ ਕਿਸ ਗੱਲ ਨਾਲ ਸਿਰ ਨੀਵਾਂ ਹੁੰਦਾ ਹੈ। ਇਹ ਨਿਸ਼ਾਨਚੀ ਨਹੀਂ ਸਨ। ਇਹ ਜਾਣਦੇ ਸਨ ਕਿ ਲੋਕ ਕਿਸ ਥਾਂ 'ਤੇ ਚੋਟ ਦੀ ਮੰਗ ਕਰਦੇ ਹਨ। ਇਹਨਾਂ ਨੇ ਲੋਕਾਂ ਦੀਆਂ ਇਛਾਵਾਂ ਤੇ ਮੰਗਾਂ ਨੂੰ ਪੂਰਾ ਕਰਨ ਲਈ ਆਪਣੀ ਜਾਨ ਤੱਕ ਦੀ ਬਾਜ਼ੀ ਲਾ ਦਿੱਤੀ। ਇਸੇ ਕਰਕੇ ਅਜ ਭਾਈ ਜਗਰੂਪ ਸਿੰਘ ਕਾਲਖ ਦਾ ਨਾਂਅ ਕਈ ਫ਼ਖਰਯੋਗ ਐਕਸ਼ਨਾਂ ਜਿਵੇਂ ਪੁਲਸ ਮੁੱਖੀ ਡੀ. ਐਸ. ਮਾਂਗਟ, ਗਵਰਨਰ ਓ. ਪੀ. ਮਲਹੋਤਰਾ, ਸਾਬਕਾ ਕੇਂਦਰੀ ਗ੍ਰਹਿ ਮੰਤਰੀ ਸਬੋਧ ਕਾਂਤ ਸਹਾਏ ਉਤੇ ਕੀਤੇ ਗਏ ਦਲੇਰਾਨਾ ਹਮਲਿਆਂ ਨਾਲ ਜੁੜਿਆ ਹੋਇਆ ਹੈ। ਇਸੇ ਕਰਕੇ ਹੀ ਭਾਈ ਸਾਹਿਬ ਦੀ ਯਾਦ ਵਿਚ ਅਜ ਲੱਖਾਂ ਅੱਖਾਂ 'ਚੋਂ ਆਪਮੁਹਾਰੇ ਹੀ ਗਮ ਦੇ ਹੰਝੂ ਵਗ ਤੁਰੇ ਹਨ ਅਤੇ ਲੱਖਾਂ ਹਿਰਦਿਆਂ ਅੰਦਰ ਦੁਸ਼ਮਣ ਵਿਰੁੱਧ ਰੋਹ ਦਾ ਲਾਵਾ ਖੋਲ ਉਠਿਆ ਹੈ। ਅਜਿਹੀ ਮੌਤ ਕਿਸੇ ਭਾਗਾਂ ਵਾਲੇ ਨੂੰ ਨਸੀਬ ਹੁੰਦੀ ਹੈ। ★

## ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ

# ਦਲਿਤਾ ਤੇ ਪੱਛੜੇ ਵਰਗਾਂ ਦੇ ਮੁਲਾਜ਼ਮਾਂ ਨਾਲ ਧੱਕਾ

ਅਕਸਰ ਹੀ ਇਹ ਗੱਲ ਸੁਣਨ ਵਿਚ ਆਉਂਦੀ ਹੈ ਕਿ ਚੂਹੜੇ-ਚਮਾਰ ਨੌਕਰੀਆਂ ਅਤੇ ਤਰੱਕੀਆਂ ਲਈ ਜਾਂਦੇ ਹਨ। ਅਸਲੀਅਤ ਜਾਣਨ ਦੀ ਕੋਈ ਘੱਟ ਹੀ ਕੋਸ਼ਿਸ਼ ਕਰਦਾ ਹੈ। ਆਓ ਜਰਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਲਾਗੂ ਰੀਜ਼ਰ-ਵੇਸ਼ਨ 'ਤੇ ਨਜ਼ਰ ਮਾਰ ਲਈਏ ਤਾਂ ਕਿ ਅਸਲੀਅਤ ਸਾਮ੍ਹਣੇ ਆ ਸਕੇ :—

| ਪੋਸਟ ਦਾ ਨਾਮ | ਕੁੱਲ ਪੋਸਟਾਂ | ਰੀਜ਼ਰਵ ਅਨੁਸੂਚਿਤ ਜਾਤੀ | ਰੀਜ਼ਰਵ ਹੋਰ ਚਾਹੀਦੀਆਂ |
|---|---|---|---|
| ਡਿਪਟੀ ਰਜਿਸਟ੍ਰਾਰ | 7 | ਕੋਈ ਨਹੀਂ | 2 |
| ਸਹਾਇਕ ਰਜਿਸਟ੍ਰਾਰ | 11 | 1 | 2 |
| ਸਹਾਇਕ | 218 | 16 | 38 |
| ਕਲਰਕ | 360 | 18 | 72 |
| ਡਰਾਈਵਰ | 28 | 2 | 4 |
| **ਹੁਣ ਲਾਇਬਰੇਰੀ ਦੇ ਅੰਕੜੇ ਦੇਖੋ :—** | | | |
| ਸਹਾਇਕ ਲਾਇਬ੍ਰੇਰੀਅਨ | 19 | 0 | |
| ਲਾਇਬ੍ਰੇਰੀ ਸਹਾਇਕ | 7 | 1 | |
| ਸੈਮੀ ਪ੍ਰੋਫੈਸ਼ਨਲ | 35 | 0 | |
| ਬਾਈਂਡਰ | 4. | 0 | |
| ਗੀ ਸਟੋਰਰ | 33 | 3 | |

ਡੀਨ, ਵਾਰਡਨ ਆਦਿ ਪੋਸਟਾਂ 'ਤੇ ਕੋਈ ਵੀ ਰੀਜ਼ਰਵ ਕੈਟੇਗਰੀ ਦਾ ਵਿਅਕਤੀ ਨਿਯੁਕਤ ਨਹੀਂ ਹੈ। ਜਦਕਿ ਬਹੁਤ ਸਾਰੇ ਦਲਿਤ ਅਤੇ ਪਛੜੇ ਵਰਗਾਂ ਦੇ ਕਰਮਚਾਰੀ ਮੈਟ੍ਰਿਕ, ਬੀ. ਏ. ਅਤੇ ਐਮ. ਏ. ਪਾਸ ਕਰਨ ਦੇ ਬਾਵਜੂਦ ਵੀ ਚਪੜਾਸੀ ਹੀ ਬੈਠੇ ਹਨ। ਕਦੇ ਬਹਾਨੇ ਘੜ ਕੇ ਉਨ੍ਹਾਂ 'ਤੇ ਟਾਈਪ ਟੈਸਟ ਦੀ ਸ਼ਰਤ ਲਗਾ ਦਿੱਤੀ ਜਾਂਦੀ ਹੈ ਅਤੇ ਕਦੇ ਇੰਟਰਵਿਊ ਸਮੇਂ ਛਾਂਟੀ ਕਰ ਦਿੱਤੀ ਜਾਂਦੀ ਹੈ। ਪਿਛਲੇ 7-8 ਸਾਲਾਂ ਤੋਂ ਡੇਲੀ ਵੇਜਿਜ਼ (ਦਿਹਾੜੀਦਾਰ) ਮਾਲੀ ਬੇਲਦਾਰ ਅਤੇ ਹੋਰ ਦਿਹਾੜੀਦਾਰ ਕੰਮ ਕਰਦੇ ਆ ਰਹੇ ਹਨ ਪਰ ਉਨ੍ਹਾਂ ਨੂੰ ਰੈਗੂਲਰ ਹੋਣ ਲਈ ਕੋਰਟਾਂ/ਹਾਈਕੋਰਟਾਂ ਵਿਚ ਭਟਕਣਾ ਪੈ ਰਿਹਾ ਹੈ।

ਪੰਜਾਬ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ ਮਕਾਨ ਉਸਾਰੀ ਕਰਜਾ ਦੇਣ ਲਈ ਅਤੇ ਰਿਹਾਇਸ਼ੀ ਕੁਆਰਟਰ ਅਲਾਟ ਕਰਨ ਵਿਚ ਵੀ ਰੀਜ਼ਰਵੇਸ਼ਨ ਦਿੱਤੀ ਹੋਈ ਹੈ ਪਰੰਤੂ ਯੂਨੀਵਰਸਿਟੀ ਵਿਚ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ—ਜਦਕਿ ਬਿਜਲੀ ਬੋਰਡ, ਜੋ ਕਿ ਯੂਨੀਵਰਸਿਟੀ ਵਾਂਗ ਹੀ ਇਕ ਖੁਦ ਮੁਖਤਿਆਰ ਅਦਾਰਾ ਹੈ, ਵਿਚ ਇਹ ਨਿਯਮ ਲਾਗੂ ਹੈ।

ਅਮਲਾ ਸ਼ਾਖਾ (ਜਿਸ ਕੋਲ ਸਾਰੇ ਕਰਮਚਾਰੀਆਂ ਦੀ ਨਿਯੁਕਤੀ, ਤਰੱਕੀ ਅਤੇ ਬਦਲੀ ਕਰਨ ਦੇ ਅਧਿਕਾਰ ਹੁੰਦੇ ਹਨ) ਜਨਰਲ ਬ੍ਰਾਂਚ (ਕੁਆਰਟਰ ਅਲਾਟ ਕਰਨ ਅਤੇ ਹੋਰ ਜਨਰਲ ਕੰਮਾਂ ਦੇ ਅਧਿਕਾਰਾਂ ਵਾਲੀ ਬ੍ਰਾਂਚ) ਆਦਿ ਮਹੱਤਵਪੂਰਣ ਬ੍ਰਾਂਚਾਂ ਵਿਚ ਰੀਜ਼ਰਵ ਕੈਟੇਗਰੀ ਦੇ ਕਰਮਚਾਰੀਆਂ ਨੂੰ ਨਹੀਂ ਲਗਾਇਆ ਜਾਂਦਾ ਤਾਂ ਕਿ ਇਹ ਕੋਈ ਲਾਭ ਨਾ ਲੈ ਸਕਣ ਅਤੇ ਅਸਲੀਅਤ ਤੋਂ ਜਾਣੂ ਨਾ ਹੋ ਸਕਣ।

ਇਸ ਤੋਂ ਇਲਾਵਾ ਜੇਕਰ ਅਨੁਸੂਚਿਤ ਜਾਤੀਆਂ ਦਾ ਕੋਈ ਵਿਅਕਤੀ ਨਿਯੁਕਤ ਹੁੰਦਾ ਹੈ ਜਾਂ ਤਰੱਕੀ ਕਰਦਾ ਹੈ ਤਾਂ ਉਸਨੂੰ ਜਲੀਲ ਕਰਨ ਦੀ ਭਾਵਨਾ ਨਾਲ ਯੂਨੀਵਰਸਿਟੀ ਤੋਂ ਬਾਹਰ (ਰੀਜਨਲ ਸੈਂਟਰ, ਬਠਿੰਡਾ, ਤਲਵੰਡੀ ਸਾਬੋ ਅਤੇ ਮਲੇਰ ਕੋਟਲਾ) ਭੇਜਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੇਕਰ ਉਹ ਕਿਸੇ ਤਰ੍ਹਾਂ ਯੂਨੀਵਰਸਿਟੀ ਵਿਚ ਹੀ ਰਹਿ ਜਾਂਦਾ ਹੈ ਤਾਂ ਉਸਨੂੰ ਬੈਠਣ ਲਈ ਮੇਜ਼, ਕੁਰਸੀ, ਦਫਤਰ ਤੇ ਟੈਲੀਫੋਨ ਆਦਿ ਸਹੂਲਤਾਂ ਤਰਸਾ-ਤਰਸਾ ਕੇ ਦਿੱਤੀਆਂ ਜਾਂਦੀਆਂ ਹਨ।

ਹੁਣ ਫੌਰੀ ਤੌਰ 'ਤੇ ਚਾਹੀਦਾ ਹੈ ਕਿ ਯੂਨੀਵਰਸਿਟੀ ਦੀ ਸਿੰਡੀਕੇਟ ਵਿਚ ਕੁਝ ਰੀਜ਼ਰਵ ਕੈਟੇਗਰੀ ਦੇ ਸੂਝਵਾਨ ਮੈਂਬਰਾਂ ਦੀ ਨਿਯੁਕਤੀ ਲਾਜ਼ਮੀ ਹੋਵੇ। ਯੂਨੀਵਰਸਿਟੀ ਵਿਚ ਕੇਂਦਰ ਸਰਕਾਰ ਦੀ ਯੋਜਨਾ ਅਧੀਨ ਸਥਾਪਿਤ ਕੀਤੇ ਗਏ ਐਸ. ਸੀ., ਬੀ. ਸੀ. ਸੈੱਲ ਨੂੰ ਪੂਰਾ ਸਟਾਫ਼, ਪੂਰੀਆਂ ਸ਼ਕਤੀਆਂ (ਪਾਵਰਜ਼) ਦਿੱਤੀਆਂ ਜਾਣ ਅਤੇ ਰੀਜ਼ਰਵ ਕੈਟੇਗਰੀ ਦੇ ਕਰਮਚਾਰੀਆਂ ਦੀ ਨਿਯੁਕਤੀ, ਤਰੱਕੀ ਤੇ ਬਦਲੀਆਂ ਆਦਿ ਦੇ ਅਧਿਕਾਰ ਇਸ ਸੈੱਲ ਨੂੰ ਸੌਂਪੇ ਜਾਣ। ਮਾਲੀਆਂ, ਸਫ਼ਾਈ ਸੇਵਕਾਂ ਅਤੇ ਸੇਵਾਦਾਰਾਂ ਲਈ ਅੱਗੇ ਤਰੱਕੀਆਂ ਮੁਹੱਈਆ ਕੀਤੀਆਂ ਜਾਣ। ਟੈਕਨੀਕਲ ਵਰਗ ਜਿਵੇਂ ਕਿ ਟ੍ਰਾਂਸਪੋਰਟ, ਲਾਇਬ੍ਰੇਰੀ, ਯੂਨੀਵਰਸਿਟੀ ਪ੍ਰੈੱਸ ਅਤੇ ਸਾਇੰਸ ਵਿਭਾਗ ਵਿਚ ਵੀ ਪੂਰੀ ਤਰ੍ਹਾਂ ਰੀਜ਼ਰਵੇਸ਼ਨ ਲਾਗੂ ਹੋਵੇ। ਵੱਖ-ਵੱਖ ਵਰਗਾਂ ਵਿਚ ਖਾਲੀ ਪਈਆਂ ਰੀਜ਼ਰਵ ਅਸਾਮੀਆਂ ਭਰੀਆਂ ਜਾਣ। ਕਰਮਚਾਰੀ/ਅਧਿਕਾਰੀਆਂ ਦੀ ਭਰਤੀ ਸਮੇਂ ਰੀਜ਼ਰਵ ਕੈਟੇਗਰੀ ਦੇ ਕੁਝ ਅਫ਼ਸਰ/ਕਰਮਚਾਰੀ ਸਿਲੈਕਸ਼ਨ ਕਮੇਟੀ ਵਿਚ ਲਾਜ਼ਮੀ ਹੋਣ। 'ਬੀ' ਕਲਾਸ ਵਿਚ ਕਈ-ਕਈ ਸਾਲ ਉਪਰ ਦੀ (ਨਿਯਮਾਂ ਅਨੁਸਾਰ) ਹੋ ਜਾਣ ਦੇ ਬਾਵਜੂਦ ਵੀ ਕਲਰਕ ਅਤੇ ਸਹਾਇਕ ਬੈਠੇ ਕਰਮਚਾਰੀਆਂ ਨੂੰ ਅਗਲੀ ਤਰੱਕੀ ਦਿੱਤੀ ਜਾਵੇ ਅਤੇ ਅੱਗੇ ਸਹਾਇਕ ਰਜਿਸਟ੍ਰਾਰ/ਡਿਪਟੀ ਰਜਿਸਟ੍ਰਾਰ ਬਣਨ ਵੇਲੇ ਲਗਾਈ ਜਾਂਦੀ ਸੱਤ ਸਾਲ ਦੀ ਸ਼ਰਤ ਵਿਚ ਇਹ ਅਜਾਈਂ ਗਏ ਸਾਲ ਵੀ ਜੋੜੇ ਜਾਣ। ਨਾਨ-ਟੀਚਿੰਗ ਦੇ ਨਾਲ-ਨਾਲ ਟੀਚਿੰਗ ਵਿਚ ਵੀ ਲੈਕਚਰਾਰ, ਰੀਡਰ, ਰੀਸਰਚ ਸਕਾਲਰ ਅਤੇ ਪ੍ਰੋਫੈਸਰਾਂ ਦੀ ਨਿਯੁਕਤੀ ਅਤੇ ਪ੍ਰੋਮੋਸ਼ਨ ਵਿਚ ਵੀ ਰੀਜ਼ਰਵੇਸ਼ਨ ਹੋਣੀ ਚਾਹੀਦੀ ਹੈ। ਹਾਲਾਂ ਕਿ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ. ਜੀ. ਸੀ.) ਦਿੱਲੀ ਵਲੋਂ ਬਹੁਤਵਾਰੀ ਚਿੱਠੀ-ਪੱਤਰ ਰਾਹੀਂ ਯੂਨੀਵਰਸਿਟੀ ਤੇ ਟੀਚਿੰਗ ਵਿਚ ਰੀਜ਼ਰਵੇਸ਼ਨ ਲਈ ਦਬਾਅ ਪਾਇਆ ਜਾ ਰਿਹਾ ਹੈ ਪਰੰਤੂ ਯੂਨੀਵਰਸਿਟੀ ਅਧਿਕਾਰੀਆਂ ਦੇ ਕੰਨਾਂ 'ਤੇ ਕੋਈ ਜੂੰ ਨਹੀਂ ਸਰਕਦੀ। ਬੜੀ ਹੈਰਾਨੀ ਦੀ ਗੱਲ ਹੈ ਕਿ ਯੂ. ਜੀ. ਸੀ. ਦਾ ਹਰੇਕ ਉਹ ਪੱਤਰ ਜਾਂ ਸਕੀਮ, ਜਿਸ ਨਾਲ ਕਿ ਉਚ ਵਰਗਾਂ, ਉੱਚ ਅਧਿਕਾਰੀਆਂ ਜਾਂ ਪਹੁੰਚ ਵਾਲੇ ਵਿਅਕਤੀਆਂ ਦਾ ਫ਼ਾਇਦਾ ਹੁੰਦਾ ਹੋਵੇ, ਨਾਲ ਦੀ ਨਾਲ ਸਿੰਡੀਕੇਟ ਵਿਚ ਮੋਹਰ ਲਵਾ ਕੇ ਪਾਸ ਕਰ ਦਿੱਤੀ ਜਾਂਦੀ ਹੈ ਪਰੰਤੂ ਬਦਕਿਸਮਤੀ ਨਾਲ ਕਿਧਰੇ ਸ਼ਡਿਊਲ ਕਾਸਟ ਜਾਂ ਬੈਕਵਰਡ ਕਲਾਸ ਦੀ ਭਲਾਈ ਵਾਲੀ ਕੋਈ ਸਕੀਮ ਜਾਂ ਚਿੱਠੀ-ਪੱਤਰ ਆ ਜਾਵੇ ਤਾਂ ਉਹ ਫ਼ਾਈਲਾਂ ਵਿਚ ਹੀ ਬੰਦ ਕੇ ਰਹਿ ਜਾਂਦੀਆਂ ਹਨ।

ਭਗਵਾਨ ਸਿੰਘ, ਪ੍ਰਧਾਨ, ਬਹੁਜਨ ਇੰਪਲਾਈਜ਼ ਫੈਡਰੇਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ

---

(ਸਫ਼ਾ 30 ਦੀ ਬਾਕੀ)

ਦਸਦੇ ਕਿ ਸਾਗਰ ਸਿੰਘ ਕਿੱਥੇ ਹੈ, ਉਦੋਂ ਤੱਕ ਅਸੀਂ ਧਰਨਾ ਨਹੀਂ ਚੁਕਾਂਗੇ। ਚੌਂਕੀ ਇਨਚਾਰਜ ਜਿਹੜਾ ਪਹਿਲਾ ਟੱਸ ਤੋਂ ਮੱਸ ਨਾ ਹੋਇਆ, ਧਰਨੇ ਵਿਚ ਵਧਦੇ ਇਕੱਠ ਨੂੰ ਵੇਖ ਕੇ ਯੂਨੀਅਨ ਆਗੂਆਂ ਨੂੰ ਯਕੀਨ ਦਿਵਾਉਣ ਲੈ ਗਿਆ ਕਿ ਮੈਂ ਵਾਇਰਲੈਸ ਕਰਕੇ ਘੰਟੇ ਦੇ ਵਿਚ ਸਾਗਰ ਸਿੰਘ ਬਾਰੇ ਪਤਾ ਮੰਗਵਾ ਦਿਆਂਗਾ ਤੁਸੀਂ ਧਰਨਾ ਚੁੱਕ ਲਵੋ। ਦੂਸਰੇ ਪਾਸੇ ਕੁਲਵੰਤ ਸਿੰਘ ਸਰਪੰਚ ਦੀ ਅਗਵਾਈ ਵਾਲਾ ਪਿੰਡ ਦਾ ਇਕ ਵਫ਼ਦ ਥਾਣੇਂ ਥਾਣੀ ਹੁੰਦਾ ਹੋਇਆ ਰਾਮਪੁਰੇ ਥਾਣੇ ਪਹੁੰਚ ਗਿਆ ਜਿੱਥੇ ਸਾਗਰ ਸਿੰਘ ਨੂੰ ਲੈ ਕੇ ਬੰ- ਕੀਤਾ ਸੀ। ਪਹਿਲਾਂ ਥਾਣੇ ਦੇ ਹੈੱਡ ਮੁਨਸ਼ੀ ਨੇ ਵਫ਼ਦ ਨੂੰ ਇਹ ਕਹਿ ਕੇ ਮੋੜ ਦਿੱਤਾ ਕਿ ਇੱਥੇ ਸਾਗਰ ਸਿੰਘ ਕੋਈ ਨਹੀਂ ਹੈ, ਪਰੰਤੂ ਜਦੋਂ ਮਹਿਰਾਜ ਚੌਂਕੀ ਦੇ ਇਨਚਾਰਜ ਦੀ ਵਾਇਰਲੈਸ ਪਹੁੰਚੀ ਕਿ ਲੋਕ ਚੌਂਕੀ ਦਾ ਘਿਰਾਉ ਕਰੀ ਬੈਠੇ ਹਨ, ਹਾਲਤ ਨਾਜ਼ਕ ਬਣਦੀ ਜਾ ਰਹੀ ਹੈ ਤਾਂ ਉਸੇ ਵਕਤ ਉਸੇ ਹੈੱਡ ਮੁਨਸ਼ੀ ਨੇ, ਵਫ਼ਦ ਨੂੰ ਥਾਣੇਦਾਰ ਨਾਲ ਮਿਲਾ ਕੇ ਸਾਗਰ ਸਿੰਘ ਨੂੰ ਛੱਡ ਦਿੱਤਾ।

ਹੋਰ ਵਰਣਨਯੋਗ ਗੱਲ ਇਹ ਹੈ ਕਿ ਇਸੇ ਦਿਨ ਸਵੇਰੇ ਦਸ ਵਜੇ ਤਪੇ ਮੰਡੀ ਲਾਗਲੇ ਪਿੰਡ ਜ਼ੁੱਲੀਪੁਰੇ ਵਿਖੇ, ਸੰਗਰੂਰ ਜ਼ਿਲ੍ਹੇ ਦੀ ਪੁਲੀਸ ਨਾਲ ਹਰੀ ਸਿੰਘ ਬੱਬਰ ਵਰਗਿਆਂ ਦਾ ਇਕ ਘੰਟਾ ਮੁਕਾਬਲਾ ਚੱਲਿਆ—ਇਸ ਵਿਚ ਇਕ ਸੁਖਪਾਲ ਸਿੰਘ ਬੱਬਰ ਬਰਨਾਲਾ ਮਾਰਿਆ ਗਿਆ ਅਤੇ ਕੁੱਝ ਸੀ. ਆਰ. ਪੀ. ਵਾਲੇ ਫੱਟੜ ਹੋਏ। ਕੁੱਝ ਪੁਲਸ ਨੂੰ ਘਚੌਲੀ ਦੇ ਕੇ, ਰਾਈਏ ਪਿੰਡੋਂ ਜੀਪ ਟਰੈਕਟਰ ਖੋਹ ਕੇ ਫੂਲ-ਮਹਿਰਾਜ ਦੇ ਏਰੀਏ ਵੱਲ ਨਿਕਲ ਗਏ। ਲੋਕਾਂ ਨੂੰ ਪੂਰਾ ਖਦਸਾ ਸੀ ਕਿ ਜੇ ਸਾਗਰ ਸਿੰਘ ਨੂੰ ਛੁਡਵਾਉਣ ਲਈ ਲੋਕ ਇਕੱਠੇ ਨਾ ਹੁੰਦੇ ਤਾਂ ਪੁਲੀਸ ਵਾਲਿਆਂ ਨੇ ਮੁਕਾਬਲੇ ਵਿਚਲੀ ਆਪਣੀ ਨਾਕਾਮੀ ਨੂੰ ਛੁਪਵਾਉਣ ਲਈ ਸਾਗਰ ਸਿੰਘ ਨੂੰ ਫੜ ਕੇ ਮਾਰ ਦੇਣਾ ਸੀ ਕਿ ਇਹ ਵੀ ਜ਼ੁੱਲੀਪੁਰੇ ਮੁਕਾਬਲੇ ਵਿਚੋਂ ਭੱਜਣ ਵਾਲਿਆਂ ਵਿਚੋਂ ਇਕ ਸੀ। ਲੋਕਾਂ ਦਾ ਖਦਸ਼ਾ ਇਸ ਕਰਕੇ ਵੀ ਸਹੀ ਸੀ ਕਿ ਪਿਛਲੀ 6 ਅਪ੍ਰੈਲ ਨੂੰ ਫੂਲ ਥਾਣੇ ਵਿਚ ਪੁਲੀਸ ਨੇ, ਸਿਧਾਇਆ ਵਾਲੇ ਨਹਿਰ ਦੇ ਪੁਲ ਉੱਤੇ, ਇਸੇ ਤਰ੍ਹਾਂ ਇਕ ਨੌਜਵਾਨ ਚਰਨਜੀਤ ਸਿੰਘ ਉਰਫ਼ ਕੇਵਲ ਸਿੰਘ ਗੁੰਮਟੀ ਨੂੰ ਚੁੱਕ ਲਿਆ ਸੀ ਅਤੇ ਅਜੇ ਤੱਕ ਉਸ ਦੀ ਕੋਈ ਉੱਘ-ਸੁੱਘ ਨਹੀਂ ਦੇ ਰਹੇ।

**ਸੁਰਮੁੱਖ ਸਿੰਘ,**
**ਭਾਰਤੀ ਕਿਸਾਨ ਯੂਨੀਅਨ**
**ਰਾਮਪੁਰਾ ਫੂਲ**

# ਪਾਠਕਾਂ ਦੀਆਂ ਚਿੱਠੀਆਂ

□ ਖਾੜਕੂ ਵੀਰਾਂ ਨੂੰ ਬੇਨਤੀ ਹੈ ਕਿ ਦਿਨ-ਬ-ਦਿਨ ਤੁਹਾਡੀਆਂ ਸ਼ਹੀਦੀਆਂ ਹੁੰਦੀਆਂ ਵੇਖ ਕੇ ਮਨ ਬਹੁਤ ਦੁਖੀ ਹੁੰਦਾ ਹੈ, ਕਿਉਂਕਿ ਪ੍ਰਾਪਤੀ ਘੱਟ ਹੋ ਰਹੀ ਹੈ। ਖਾੜਕੂ ਸਫਾਂ ਗੰਭੀਰ ਫੁੱਟ ਦਾ ਸ਼ਿਕਾਰ ਹਨ। ਜ਼ਾਲਮ ਸਰਕਾਰ ਹਰ ਸਕਿੰਟ 'ਤੇ ਬਹੁਤ ਕਹਿਰ ਕਮਾ ਰਹੀ ਤੇ ਹਰ ਰੋਜ਼ ਸਿੰਘ ਸ਼ਹੀਦ ਕਰੀ ਜਾ ਰਹੀ ਹੈ। ਸਰਕਾਰ ਨੂੰ ਭੁਲੇਖਾ ਹੈ ਕਿ ਇਸ ਤਰ੍ਹਾਂ ਸਿੰਘ ਮੁੱਕ ਜਾਣਗੇ। ਸਿੱਖ ਕੌਮ ਤਾਂ ਉਦੋਂ ਖਤਮ ਨਹੀਂ ਸੀ ਹੋਈ ਜਦੋਂ ਕਿ ਸਿੰਘਾਂ ਦੀ ਗਿਣਤੀ ਬਹੁਤ ਘੱਟ ਸੀ। ਜ਼ੁਲਮ ਕਰਨ ਨਾਲ ਤਾਂ ਸਿੰਘ ਘਟਣ ਦੀ ਥਾਂ ਵਧਦੇ ਹਨ।

ਖਾੜਕੂ ਵੀਰੋ, ਨਿਰਦੋਸ਼ ਲੋਕਾਂ ਦੇ ਕਤਲ ਬੰਦ ਹੋਣੇ ਚਾਹੀਦੇ ਹਨ। ਕੀ ਨਿਰਦੋਸ਼ਾਂ ਦੇ ਕਤਲਾਂ ਨਾਲ ਖਾਲਿਸਤਾਨ ਬਣ ਸਕਦਾ ਹੈ? ਕਦੇ ਵੀ ਨਹੀਂ। ਸਿੱਖੀ ਸਿਧਾਂਤ ਸਿਰਫ ਦੋਸ਼ੀਆਂ ਵਿਰੁੱਧ ਹੀ ਕਾਰਵਾਈ ਦੀ ਇਜਾਜ਼ਤ ਦਿੰਦੇ ਹਨ। ਜਿਹੜੇ ਖਾੜਕੂ ਲੋਕਾਂ ਦੇ ਨਿੱਜੀ ਝਗੜਿਆਂ ਵਿਚ ਹਿੱਸਾ ਲੈਂਦੇ ਹਨ, ਜਾਂ ਆਪਣੀਆਂ ਨਿੱਜੀ ਦੁਸ਼ਮਣੀਆਂ ਕਾਰਨ ਆਪਣੇ ਵਿਰੋਧੀਆਂ ਦਾ ਕਤਲ ਕਰ ਦੇਂਦੇ ਹਨ, ਉਹਨਾਂ ਖਿਲਾਫ ਸਖਤ ਸਟੈਂਡ ਲੈਣਾ ਚਾਹੀਦਾ ਹੈ।

ਪੈਗਾਮ ਦਾ ਜੂਨ ਅੰਕ ਬਹੁਤ ਹੀ ਸਲਾਉਣਯੋਗ ਸੀ, ਖਾਸ ਕਰਕੇ ਭਾਈ ਜਬਰਦਸਤ ਸਿੰਘ ਸੰਦੀਵਾਲਾ ਤੇ ਡਾ: ਸ਼ਹਿਬਾਜ਼ ਸਿੰਘ ਦੇ ਵਿਚਾਰ। ਹਰ ਇਕ ਖਾੜਕੂ ਵੀਰ ਨੂੰ ਉਪਰੋਕਤ ਵੀਰਾਂ ਦੇ ਵਿਚਾਰਾਂ 'ਤੇ ਅਮਲ ਕਰਨਾ ਚਾਹੀਦਾ ਹੈ, ਕਿਉਂਕਿ ਇਸ ਨਾਲ ਖਾੜਕੂ ਸੰਘਰਸ਼ ਕਾਫੀ ਅੱਗੇ ਵਧ ਸਕਦਾ ਹੈ। ਅੱਜ ਸਿੱਖ ਕੌਮ ਨੂੰ ਲੋੜ ਹੈ ਸ਼ਹੀਦ ਭਾਈ ਤੂਫਾਨ ਸਿੰਘ ਤੂਫਾਨ ਵਰਗੇ ਸੂਰਮਿਆਂ ਦੀ, ਨਾ ਕਿ ਬੱਸਾਂ ਅਤੇ ਗੱਡੀਆਂ ਵਿਚੋਂ ਉਤਾਰ ਕੇ ਨਿਰਦੋਸ਼ਾਂ ਨੂੰ ਕਤਲ ਕਰਨ ਵਾਲਿਆਂ ਦੀ।

**ਨਵਇੰਦਰ ਸਿੰਘ ਨਵੀ,**
**ਪਲਵਿੰਦਰ ਸਿੰਘ ਪੰਜਾਬੀ,**
**ਜਗਰਾਉਂ**

□ ਜਨਤਕ ਪੈਗਾਮ ਦੇ ਜੂਨ ਅੰਕ ਵਿਚ ਸ਼ਾਮਲ ਕੀਤੀ ਗਈ ਪਾਕਿਤਾਨੀ ਪੰਜਾਬੀ ਦੇ ਕਵੀ ਅਫਜ਼ਲ ਅਹਿਸਨ ਰੰਧਾਵਾ ਦੀ ਕਵਿਤਾ "ਓੜਕ ਮੁੱਕੇਗੀ ਇਹ ਰਾਤ" ਅਤਿਅੰਤ ਸ਼ਲਾਘਾਯੋਗ ਹੈ। ਇਹ ਦੂਨੀਆਂ ਦੇ ਇਨਸਾਫ ਪਸੰਦ ਸੋਚਣੀ ਵਾਲੇ ਲੋਕਾਂ ਦੀ ਸਾਡੇ ਪ੍ਰਤੀ ਹਮਦਰਦੀ ਦੇ ਪ੍ਰਤੀਕ ਦਾ ਹੀ ਕੰਮ ਨਹੀਂ ਕਰਦੀ ਸਗੋਂ ਅਜਿਹੇ ਬੇਈਮਾਨਾਂ ਅਤੇ ਗ਼ਦਾਰਾਂ ਦੇ ਮੂੰਹ ਉੱਤੇ ਇਕ ਕਰਾਰੇ ਥੱਪੜ ਦਾ ਕੰਮ ਵੀ ਕਰਦੀ ਹੈ ਜੋ ਸਾਕਾ ਨੀਲਾ ਤਾਰਾ ਨੂੰ ਜਾਇਜ਼ ਆਖਦੇ ਹਨ।

**ਪ੍ਰਭਸ਼ਰਨਦੀਪ ਸਿੰਘ ਸੰਧੂ,**
**ਫਰੀਦਕੋਟ**

□ ਨਵੇਂ ਸੰਪਾਦਕ ਗੁਰਮੀਤ ਸਿੰਘ ਵਧਾਈ ਦੇ ਹੱਕਦਾਰ ਹਨ ਜਿਨ੍ਹਾਂ ਦੇ ਮੋਢਿਆਂ ਉੱਪਰ "ਪੈਗਾਮ ਗਰੁੱਪ" ਨੇ ਸੰਪਾਦਕ ਦੀ ਜ਼ੁੰਮੇਵਾਰੀ ਪਾਈ ਹੈ। ਜੂਨ ਅੰਕ ਵਿਚ ਅਫਜ਼ਲ ਅਹਿਸਨ ਰੰਧਾਵਾ ਦੀ ਰਚਨਾ "ਓੜਕ ਮੁੱਕੇਗੀ ਇਹ ਰਾਤ" ਇਕ ਸੱਚੇ ਪੰਜਾਬੀ ਦਿਲ ਦਾ ਦਰਦ ਹੈ ਜੋ ਅੰਗਾਰੇ ਵਾਂਗ ਸੁਲਗ ਰਿਹਾ ਹੈ।

ਕੁਝ ਖਾੜਕੂ ਗਰੁੱਪ ਕੌਮੀ ਮੁੱਖ ਧਾਰਾ ਵਿਚ ਸ਼ਾਮਲ ਹੋ ਰਹੇ ਹਨ ਭਾਵ ਚੋਣਾਂ ਵਿਚ ਹਿੱਸਾ ਲੈ ਰਹੇ ਹਨ। ਉਹਨਾਂ ਦਾ ਤਰਕ ਹੈ ਕਿ ਸਿੱਖਾਂ ਦੀ ਗੁਲਾਮੀ ਨੂੰ ਪਰ੍ਹਾਂ ਵਗਾਹ ਮਾਰਨ ਲਈ ਇਹ ਇਕ ਪੈਂਤੜਾ ਹੈ। ਪਰ ਨਹੀਂ, ਅਜਿਹਾ ਨਹੀਂ ਹੈ। ਚੋਣਾਂ ਵਿਚ ਹਿੱਸਾ ਲੈਣਾ ਆਪਣੀ ਕਮਜ਼ੋਰੀ ਨੂੰ ਛੁਪਾਉਣਾ ਅਤੇ ਵੱਡੀਆਂ ਵੱਡੀਆਂ ਫੈਕਟਰੀਆਂ ਤੇ ਬਸ ਰੂਟਾਂ ਦੇ ਮਾਲਕ ਬਣਨ ਦਾ ਲਾਲਚ ਹੈ। ਜਾਂ ਇਹ ਕਹਿ ਲਵੋ ਕਿ ਇਹ ਸਿੱਖਾਂ ਲਈ ਗੁਲਾਮੀ ਦਾ ਜੂਲਾ ਹੋਰ ਮੋਕਲਾ ਕਰ ਰਹੇ ਹਨ। ਉਹਨਾਂ ਸਿੱਖਾਂ ਲਈ ਜੋ ਹਮੇਸ਼ਾ ਹੀ ਇਹਨਾਂ ਦੀ ਤਨ ਮਨ ਧਨ ਨਾਲ ਮਦਦ ਕਰਦੇ ਰਹੇ ਹਨ। ਚੋਣਾਂ ਤੋਂ ਫੌਰੀ ਬਾਅਦ ਸਬੂਤਾਂ ਦੀ ਤਸਵੀਰ ਸਪਸ਼ਟ ਹੋ ਜਾਵੇਗੀ। ਜੋ ਜਿਤ ਕੇ ਅਸੈਂਬਲੀ ਜਾਂ ਪਾਰਲੀਮੈਂਟ (ਜ਼ਾਲਮਾਂ ਦੀਆਂ ਕਾਲੇ ਕਾਨੂੰਨ ਬਨਾਉਣ ਵਾਲੀਆਂ ਸੰਸਥਾਵਾਂ) ਵਿਚ ਬੈਠਣਗੇ ਉਹ ਨੀਮ ਫੌਜੀ ਬਲਾਂ ਦੀ ਛਤਰ-ਛਾਇਆ ਅਤੇ ਨਿੱਜੀ ਅੰਗ-ਰਖਿਅਕਾਂ ਦੇ ਹਥਿਆਰਾਂ ਦੀ ਛਾਂ ਹੇਠ ਜ਼ਿੰਦਗੀ ਬਸਰ ਕਰ ਰਹੇ ਹੋਣਗੇ। ਜਿਹੜੇ ਖਾੜਕੂ ਹਥਿਆਰਬੰਦ ਘੋਲ ਦੇ ਰਾਹ 'ਤੇ ਡਟੇ ਹੋਏ ਹਨ ਅਤੇ ਪੁਲਸ ਅਤੇ ਨੀਮ ਫੌਜ ਬਲਾਂ 'ਤੇ ਆਪਣੇ ਹਮਲੇ ਜਾਰੀ ਰੱਖਣਗੇ ਉਹਨਾਂ ਨੂੰ ਅਸੈਂਬਲੀਆਂ ਵਾਲੇ "ਖਾੜਕੂ" ਜੇਲ੍ਹਾਂ ਵਿਚ ਸੁੱਟ ਦੇਣਗੇ। ਕਿਉਂਕਿ ਜੇ ਉਹ ਅਜਿਹਾ ਨਹੀਂ ਕਰਨਗੇ ਤਾਂ ਕੇਂਦਰੀ ਸਰਕਾਰ ਉਨ੍ਹਾਂ ਦਾ ਝਟਕਾ

ਕਰ ਦੇਵੇਗੀ। ਇਸ ਤਰ੍ਹਾਂ ਨਵੀਂ "ਖਾੜਕੂ" ਸਰਕਾਰ ਵੱਲੋਂ ਉਹੀ ਦਮਨ-ਚਕਰ ਫਿਰ ਸ਼ੁਰੂ ਹੋ ਜਾਵੇਗਾ। ਨਵੇਂ ਬਰਨਾਲੇ, ਨਵੇਂ ਦਰਬਾਰੇ, ਨਵੇਂ ਰੇਅ, ਨਵੇਂ ਰਿਬੇਰੋ ਮੁੜ ਜੰਮ ਪੈਣਗੇ ਅਤੇ ਕੇਂਦਰੀ ਹਾਕਮ ਕੱਛਾਂ ਵਜਾਉਣਗੇ।

ਦੁਖੀ ਹਿਰਦੇ ਨਾਲ।

**ਹਰਭਜਨ ਸਿੰਘ,**
**ਭਗਤਾ ਭਾਈ (ਬਠਿੰਡਾ)**

ਜੂਨ ਅੰਕ ਵਿਚ ਮੇਰੇ ਨਾਮ ਹੇਠ ਇਕ ਚਿੱਠੀ ਛਪੀ ਸੀ ਜਿਸ ਵਿਚ ਪਿੰਡ ਸੇਖੂਵਾਸ ਜ਼ਿਲ੍ਹਾ ਸੰਗਰੂਰ ਦੇ ਬਲਦੇਵ ਸਿੰਘ ਤੇ ਅਰਜਨ ਸਿੰਘ ਦਲਿਤਾਂ ਨੂੰ ਤੰਗ ਕਰਦਾ ਦਰਸਾਇਆ ਗਿਆ ਸੀ। ਪਰ ਹੁਣ ਸਥਿਤੀ ਐਨੀ ਬਦਲ ਗਈ ਹੈ ਕਿ ਉਪਰੋਕਤ ਵਿਅਕਤੀ ਦਲਿਤ ਭਰਾਵਾਂ ਨੂੰ ਨੀਵਾਂ ਦਿਖਾਉਣ ਲਈ ਤਰ੍ਹਾਂ ਤਰ੍ਹਾਂ ਦੇ ਹੱਥ ਕੰਡੇ ਵਰਤ ਰਿਹਾ ਹੈ। ਉਸ ਨੇ ਗੁਰਦੁਆਰੇ ਵਿਚ ਇਕੱਠ ਕਰਕੇ ਸਾਰੇ ਜਿਮੀਂਦਾਰਾਂ ਤੋਂ ਮਤਾ ਪਵਾ ਕੇ ਅੰਗੂਠੇ ਲਵਾ ਲਏ ਕਿ ਜੋ ਵੀ ਜਿਮੀਂਦਾਰ ਚਮਾਰਾਂ ਨੂੰ ਜ਼ਮੀਨ ਠੇਕੇ ਤੇ ਵਟਾਈ ਤੇ ਦੇਵੇਗਾ ਉਸ ਨੂੰ 2000/- ਰੁਪਇਆ ਜੁਰਮਾਨਾ ਕੀਤਾ ਜਾਵੇਗਾ ਜੋ ਜਿਮੀਂਦਾਰ ਆਪਣੀ ਮੋਟਰ ਦਾ ਪਾਣੀ ਦੇਵੇਗਾ ਉਸ ਨੂੰ 1000/- ਜੁਰਮਾਨਾ ਅਤੇ ਜੋ ਜ਼ਮੀਨ ਦੀ ਵਾਹੀ ਲਈ ਜਾਂ ਹੋਰ ਕਿਸੇ ਕੰਮ ਲਈ ਟ੍ਰੈਕਟਰ ਦੇਵੇਗਾ ਉਸ ਨੂੰ 1000/- ਰੁਪਏ ਜੁਰਮਾਨਾ ਕੀਤਾ ਜਾਵੇਗਾ। ਇਸ ਸੰਬੰਧੀ ਦੱਸਣ ਵਾਲੇ ਲਈ 100/- ਇਨਾਮ ਵਜੋਂ ਰੱਖਿਆ ਹੈ। ਚੇਤੇ ਰਹੇ ਦਲਿਤ ਵਰਗ ਨੇ ਉਪਰੋਕਤ ਘਰ ਦਾ ਸਮਾਜਿਕ ਬਾਈਕਾਟ ਕੀਤਾ ਹੋਇਆ ਹੈ ਇਸੇ ਕਾਰਨ ਉਹ ਅਜਿਹੀਆਂ ਘਟੀਆਂ ਹਰਕਤਾਂ ਕਰਦਾ ਹੈ। ਉਸ ਨੇ ਜ਼ਿਮੀਂਦਾਰਾਂ ਦੇ ਅੰਦਰ ਐਨਾ ਜਨੂੰਨ ਭਰ ਦਿੱਤਾ ਹੈ ਤੇ ਜ਼ਿਮੀਂਦਾਰਾਂ ਨੂੰ ਆਖ ਦਿੱਤਾ ਹੈ ਕਿ ਚਮਾਰ ਇਹ ਆਖ ਰਹੇ ਹਨ ਕਿ ਅਸੀਂ ਨੌਕਰੀ ਤਾਂ ਕਰਾਂਗੇ ਜੇ ਸਾਨੂੰ ਪਹਿਲਾਂ ਨਰਮੇ ਬਰੀਰਾਂ 'ਤੇ ਸਪਰੇ ਕਰਵਾਈ ਦਾ 85,000 ਰੁਪਏ ਦਿਉਗੇ। ਕਿਉਂਕਿ ਸਪਰੇ ਕਰਦਾ ਬੰਦਾ ਮਰ ਸਕਦਾ ਹੈ ਇਸੇ ਤਰ੍ਹਾਂ ਹਰ ਇਕ ਜਿਮੀਂਦਾਰ ਕਿਸੇ ਦਲਿਤ ਨੂੰ ਆਪਣੇ ਨਾਲ ਸੀਰੀ ਸਾਂਝੀ ਰਲਾਉਣ ਤੋਂ ਬਹੁਤ ਕੰਨੀ ਕਤਰਾਉਂਦੇ ਹਨ। ਜਿਸ ਜਿਮੀਂਦਾਰ ਗੁਰਦੇਵ ਸਿੰਘ ਨੇ ਕੱਖਾਂ ਦੇ ਮਾਮਲੇ 'ਤੇ ਔਰਤਾਂ ਦੀ ਕੁੱਟਮਾਰ ਕੀਤੀ ਸੀ ਉਹ ਦਲਿਤ ਵਰਗ ਤੋਂ ਆ ਕੇ ਮਾਫੀ ਮੰਗ ਗਿਆ ਹੈ ਤੇ ਉਸ ਨਾਲ ਸਮਝੌਤਾ ਹੋ ਗਿਆ ਹੈ। ਪਰ ਉਸ ਦਾ ਹਮਾਇਤੀ ਘਰ ਅਰਜਨ ਸਿੰਘ, ਬਲਦੇਵ ਸਿੰਘ ਇਸ ਸਮੇਂ ਦਲਿਤਾਂ ਨੂੰ ਪੂਰਾ ਪ੍ਰੇਸ਼ਾਨ ਕਰ ਰਿਹਾ ਹੈ। ਉਸ ਨੇ ਆਪਣੇ ਨਾਲ ਸੀਰੀ/ਕਾਮੇ ਹੋਰ ਰਲਾ ਲਏ ਹਨ ਪਰ ਹੁਣ ਆਖ ਰਿਹਾ ਹੈ ਕਿ ਅਸੀਂ ਚਮਾਰਾਂ ਨੂੰ ਕੱਲੇ ਕੱਲੇ ਨੂੰ ਦੇਖਾਂਗੇ। ਦਲਿਤ ਵਰਗ ਵਿਚੋਂ ਪੜ੍ਹੇ ਲਿਖੇ ਤਿੰਨ ਨੌਜਵਾਨ ਹਨ ਜਿਹਨਾਂ ਆਪਣੀ ਇਜ਼ਤ ਬਚਾਉਣ ਲਈ ਦਲਿਤਾਂ ਨੂੰ ਇਕੱਠੇ ਕਰਕੇ ਸੰਬੰਧਿਤ ਦੋਸ਼ੀ ਘਰ ਦਾ ਸਮਾਜਿਕ ਬਾਈਕਾਟ ਕਰਵਾਇਆ ਸੀ ਉਹਨਾਂ ਨੌਜਵਾਨਾਂ ਲਈ ਖਾਸ ਕਰਕੇ ਇਹ ਸਖ਼ਤ ਧਮਕੀਆਂ ਦੇ ਰੂਪ ਵਿਚ ਵਿਚਰ ਰਹੇ ਹਨ। ਇਸ ਜਿਮੀਂਦਾਰ ਘਰ ਨੇ ਤਾਂ ਇਥੋਂ ਤੱਕ ਢੀਠਤਾਈ ਤੇ ਬੇਸ਼ਰਮੀ ਅਪਣਾਈ ਹੋਈ ਹੈ ਕਿ ਜਦੋਂ ਦਲਿਤ ਵਰਗ ਦੇ ਖਿਲਾਫ ਇਸ ਨੇ ਮਤਾ ਪਾਸ ਕਰਵਾਇਆ ਸੀ ਤਾਂ ਗੁਰਦਵਾਰੇ ਅੰਦਰ ਇਹ (ਅਰਜਨ ਸਿੰਘ) ਸ਼ਰਾਬ ਪੀ ਕੇ ਗਿਆ ਸੀ ਤੇ ਫਿਰ ਇਕ ਦਿਨ ਗੁਰਦਵਾਰੇ ਜੱਗ ਚੱਲ ਰਿਹਾ ਸੀ ਤੇ ਇਹ ਦਲਿਤ ਵਰਗ ਦੇ ਬੱਚਿਆਂ ਨੂੰ ਦੇਖ ਕੇ ਬੋਲਿਆ ਸਾਰੀਆਂ ਜਲੇਬੀਆਂ ਤਾਂ ਚਮਾਰ ਹੀ ਖਾ ਜਾਣਗੇ। ਹੁਣੇ ਜਦੋਂ ਦਲਿਤਾਂ ਨੇ ਆਪਣੀ ਦਿਹਾੜੀ ਵਧਾਈ ਸੀ ਤਾਂ ਇਹਨਾਂ ਨੇ ਸਾਰੇ ਪਿੰਡ ਦੇ ਜਿਮੀਂਦਾਰਾਂ ਨੂੰ ਇਹ ਚੋਕ ਲਾ ਦਿੱਤੀ ਕਿ ਜੇ ਉਹਨਾਂ ਨੇ ਦਿਹਾੜੀ ਵਧਾ ਦਿੱਤੀ ਤੁਸੀਂ ਤੂੜੀ ਦਾ ਰੇਟ ਵਧਾ ਦਿਓ ਕੋਈ ਖੇਤਾਂ 'ਚ ਨਾ ਵੜਨ ਦਿਓ। ਇਸ ਤੋਂ ਇਲਾਵਾ ਇਸ ਘਰ ਦਾ ਮੈਂਬਰ ਬਲਦੇਵ ਸਿੰਘ ਆਚਰਣਹੀਣ ਅਤੇ ਸਿੱਖ ਧਰਮ ਦੇ ਖਿਲਾਫ ਜ਼ਹਿਰ ਉਗਲਦਾ ਹੈ। ਸੋ ਸਾਨੂੰ ਯਕੀਨ ਹੈ ਕਿ ਕੋਈ ਸਿੱਖ ਧਰਮ ਦਾ ਹਮਾਇਤੀ ਜ਼ਰੂਰ ਉਪਰੋਕਤ ਜਿਮੀਂਦਾਰ ਖਿਲਾਫ ਆਪਣੀ ਆਵਾਜ਼ ਉਠਾਏਗਾ ਤਾਂ ਕਿ ਦਲਿਤ ਵਰਗ ਅੱਜ ਦੇ ਵਿਗਿਆਨਕ ਯੁੱਗ ਵਿਚ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਕਰ ਸਕੇ।

**ਮੇਘਾ ਸਿੰਘ 'ਕੱਕੂ',**
**ਸੇਖੂਵਾਸ (ਸੰਗਰੂਰ)**

10 ਮਈ ਨੂੰ ਤਿੰਨ ਕੁ ਵਜੇ ਦੋ ਜੀਪਾਂ ਅਤੇ ਇਕ ਮੋਟਰ 'ਤੇ ਪਹੁੰਚੀ ਪੁਲਸੀ ਧਾੜ, ਸਾਗਰ ਸਿੰਘ, ਪਿੰਡ ਮਹਿਰਾਜ, ਜ਼ਿਲ੍ਹਾ ਬਠਿੰਡਾ ਨੂੰ ਖੇਤੋਂ ਤੂੜੀ ਦਾ ਕੁੱਪ ਬੰਨਦੇ ਨੂੰ ਚੁੱਕ ਕੇ ਲੈ ਗਈ। ਮੌਕੇ 'ਤੇ ਹਾਜ਼ਰ ਦੂਜੇ ਘਰਦਿਆਂ ਨੇ ਪਿੰਡ ਦੇ ਸਪੀਕਰਾਂ ਵਿਚ ਬੋਲ ਦਿੱਤਾ। ਅਵਾਜ਼ ਸੁਣਦਿਆਂ, ਸਾਰੇ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ। ਕੁੱਝ ਬੰਦੇ ਕੁਲਵੰਤ ਸਿੰਘ ਸਰਪੰਚ ਨੂੰ ਨਾਲ ਲੈ ਕੇ, ਫੂਲ ਅਤੇ ਦੂਸਰੇ ਥਾਣਿਆਂ ਵਿਚ ਪਤਾ ਕਰਨ ਚਲੇ ਗਏ। ਦੂਜੇ ਪਾਸੇ ਭਾਰਤੀ ਕਿਸਾਨ ਯੂਨੀਅਨ ਦੀ ਅਗਵਾਈ ਵਿਚ ਪਿੰਡ ਦੀਆਂ ਔਰਤਾਂ ਅਤੇ ਬੰਦਿਆਂ ਨੇ ਮਹਿਰਾਜ ਪੁਲੀਸ ਚੌਂਕੀ ਅੱਗੇ ਧਰਨਾ ਸ਼ੁਰੂ ਕਰ ਦਿੱਤਾ। ਗੁਰਮੁਖ ਸਿੰਘ ਪ੍ਰਧਾਨ (ਭਾਰਤੀ ਕਿਸਾਨ ਯੂਨੀਅਨ) ਨੇ ਐਲਾਨ ਕੀਤਾ ਕਿ ਜਦ ਤਕ ਪੁਲੀਸ ਵਾਲੇ ਇਹ ਨਹੀਂ

(ਬਾਕੀ ਸਫਾ 28 ਤੇ)

## ["ਜਨਤਕ ਪੈਗ਼ਾਮ" ਦਾ ਪੋਜ਼ੀਸ਼ਨ ਬਿਆਨ]

(ਸਫ਼ਾ 2 ਦੀ ਬਾਕੀ)

ਹਨ। ਬਿਹਾਰ ਤੇ ਆਂਧਰਾ ਪ੍ਰਦੇਸ਼ ਅੰਦਰ ਭਾਰਤੀ ਹਾਕਮਾਂ ਨੇ ਸੱਚੇ ਨਕਸਲੀਆਂ ਕੋਲੋਂ ਹਥਿਆਰ ਖੋਹਣ ਲਈ ਵਹਿਸ਼ੀ ਜਬਰ ਦਾ ਦੌਰ ਚਲਾ ਰੱਖਿਆ ਹੈ, ਅਤੇ ਇਧਰ, ਪੰਜਾਬ ਦੇ ਇਨ੍ਹਾਂ ਜ਼ਾਅਲੀ ਨਕਸਲੀਆਂ ਨੂੰ ਹਥਿਆਰ ਦੇਣ ਦੀਆਂ ਖੁਲ੍ਹੇ ਮਨ ਨਾਲ ਪੇਸ਼ਕਸ਼ਾਂ ਹੋ ਰਹੀਆਂ ਹਨ। ਓਧਰ ਸੱਚੇ ਨਕਸਲੀਆਂ ਨੂੰ ਬੇਰਹਿਮੀ ਨਾਲ ਸ਼ਹੀਦ ਕੀਤਾ ਜਾ ਰਿਹਾ ਹੈ, ਇਧਰ ਜ਼ਾਅਲੀ ਨਕਸਲੀਆਂ ਨਾਲ "ਸ਼ਹੀਦੀ ਦੁੱਖ" ਵੰਡਾਏ ਜਾ ਰਹੇ ਹਨ। ਓਧਰ ਸੱਚੇ ਨਕਸਲੀ ਘੁਲਾਟੀਏ ਭਾਰਤੀ ਹਾਕਮਾਂ ਵਿਰੁੱਧ ਜੂਝਦੇ ਹੋਏ ਧੜਾਧੜ ਸ਼ਹੀਦ ਹੋ ਰਹੇ ਹਨ, ਇਧਰ ਜ਼ਾਅਲੀ ਸੂਰਮਿਆਂ ਨੂੰ 18-20 ਸਾਲਾਂ ਤੋਂ ਚੀਚੀ 'ਤੇ ਲਾਉਣ ਜੋਗਰਾ ਲਹੂ ਵੀ ਨਸੀਬ ਨਹੀਂ ਹੋ ਰਿਹਾ।

ਪੰਜਾਬ ਅੰਦਰਲੇ ਉਹ ਨਕਸਲੀ ਗਰੁੱਪ, ਜਿਨ੍ਹਾਂ ਨੇ ਖਾੜਕੂ ਲਹਿਰ ਨਾਲ ਸਿੱਧੀ ਟੱਕਰ ਲੈਣ ਦੀ ਗਲਤ ਸਿਆਸੀ ਸੇਧ ਅਪਣਾ ਰੱਖੀ ਹੈ, ਉਹ ਨਕਸਲੀ ਲਹਿਰ ਦਾ ਨਾਂਉਂ ਬਦਨਾਮ ਕਰਨ ਅਤੇ ਇਸ ਦੀਆਂ ਇਨਕਲਾਬੀ ਰਵਾਇਤਾਂ ਨੂੰ ਘੱਟੇ ਰੋਲਣ ਦਾ ਕੁਕਰਮ ਕਰ ਰਹੇ ਹਨ। ਅਜਿਹੇ ਗਰੁੱਪਾਂ ਨਾਲ ਸਾਡੀ ਕੋਈ ਸਾਂਝ ਨਹੀਂ ਹੋ ਸਕਦੀ, ਕੋਈ ਸ਼ਕੀਰੀ ਨਹੀਂ ਹੋ ਸਕਦੀ। ਸਾਡੀਆਂ ਦਿਸ਼ਾਵਾਂ ਅੱਡ-ਅੱਡ ਹਨ। ਸਾਡੇ ਰਾਹ ਵੱਖੋ-ਵੱਖਰੇ ਹਨ।

ਭਾਵੇਂ ਕੁੱਝ ਮਾਮਲਿਆਂ 'ਚ ਸਿੱਖ ਖਾੜਕੂਆਂ ਦਾ ਸਿਆਸੀ ਵਿਰੋਧੀਆਂ ਪ੍ਰਤੀ ਰਵਈਆ ਤੰਗਨਜ਼ਰੀ ਤੇ ਵਧੀਕੀ ਵਾਲਾ ਰਿਹਾ ਹੈ (ਜਿਸ ਦੀ "ਜਨਤਕ ਪੈਗ਼ਾਮ" ਵੱਲੋਂ ਬੇਲਿਹਾਜ਼ ਪੜਚੋਲ ਹੁੰਦੀ ਰਹੀ ਹੈ), ਪਰ ਇਸ ਨਾਲ ਇਨ੍ਹਾਂ ਨਕਸਲੀ ਗਰੁੱਪਾਂ ਦੀ ਗਲਤ ਸਿਆਸੀ ਸੇਧ ਨੂੰ ਵਾਜਬ ਨਹੀਂ ਠਹਿਰਾਇਆ ਜਾ ਸਕਦਾ। ਇਹ ਸੇਧ ਕਿਸੇ ਭੜਕਾਹਟ 'ਚੋਂ ਨਹੀਂ, ਭਟਕਣ ਵਿਚੋਂ ਨਿਕਲੀ ਹੈ। ਜੇਕਰ ਭੜਕਾਹਟ ਦੀ ਹੀ ਗੱਲ ਕਰਨੀ ਹੋਵੇ ਤਾਂ ਹਕੂਮਤੀ ਰਾਜ-ਮਸ਼ੀਨਰੀ ਨੇ ਕਿਸੇ ਮੌਕੇ ਪੰਜਾਬ ਅੰਦਰ ਨਕਸਲੀ ਲਹਿਰ ਉੱਤੇ ਪੁੱਜ ਕੇ ਜ਼ੁਲਮ ਢਾਹੇ ਹਨ। ਨਕਸਲੀ ਨੌਜੁਆਨਾਂ ਨੂੰ ਬੇਰਹਿਮੀ ਨਾਲ ਸ਼ਹੀਦ ਕਰਨ ਵਾਲੇ ਦਰਜਨਾਂ ਹੀ ਜ਼ਾਲਮ ਪੁਲਸ ਅਫਸਰ ਇਹਨਾਂ ਨਕਸਲੀ ਗਰੁੱਪਾਂ ਦੀਆਂ ਅੱਖਾਂ ਦੇ ਐਨ ਸਾਹਮਣੇ ਫਿਰ ਰਹੇ ਹਨ। ਭੜਕਾਹਟ ਵਿਚੋਂ ਇਨ੍ਹਾਂ ਨਕਸਲੀ ਗਰੁੱਪਾਂ ਕੋਲੋਂ ਅਜਿਹੇ ਪੁਲਸ ਅਫਸਰਾਂ ਉੱਤੇ ਕੋਈ ਫ਼ਾਇਰ ਕਿਉਂ ਨਾ ਹੋ ਗਿਆ? ਪਿਛਲੇ 15 ਸਾਲਾਂ ਤੋਂ ਗਲਤੀ ਵੱਸ ਵੀ ਅਜਿਹੀ ਕੋਈ ਘਟਨਾ ਕਿਉਂ ਨਾ ਵਾਪਰੀ?

ਕਾਰਨ ਸਪਸ਼ਟ ਹੈ, ਕਿ ਇਹ ਗਰੁੱਪ ਭਾਰਤੀ ਹਾਕਮਾਂ ਵਿਰੁੱਧ ਲੜਨ ਦਾ ਜੇਰਾ ਅਤੇ ਤੰਤ ਗੁਆ ਚੁੱਕੇ ਹਨ। ਆਪਣੀ ਫੋਕੀ ਇਨਕਲਾਬੀ ਠੁੱਕ ਬਣਾਉਣ ਲਈ ਉਹ ਸਿੱਖ ਖਾੜਕੂਆਂ ਨਾਲ ਹਥਿਆਰਬੰਦ ਛੇੜਖਾਨੀ ਕਰਨ ਦਾ ਕਮਲ ਖਿਲਾਰ ਰਹੇ ਹਨ। ਅਜਿਹੀ ਆਤਮਘਾਤੀ ਸਿਆਸਤ ਨਾਲ ਸਾਡੀ ਕੋਈ ਦੂਰ ਦੀ ਵੀ ਸਾਂਝ ਨਹੀਂ ਬਣਦੀ। ਅਸੀਂ ਲਕੀਰ ਦੇ ਇਸ ਪਾਸੇ ਹਾਂ ਤੇ ਉਹ ਦੂਸਰੇ ਪਾਸੇ ਹਨ।

ਵੱਲੋਂ :

**ਅਦਾਰਾ "ਜਨਤਕ ਪੈਗ਼ਾਮ"**

---

# ਮਝੈਲ ਪਾਠਕਾਂ ਨੂੰ ਅਪੀਲ

ਪੰਜਾਬ ਦਾ ਮਾਝਾ ਖੇਤਰ ਲੰਮੇ ਚਿਰ ਤੋਂ ਖਾੜਕੂ ਲਹਿਰ ਦਾ ਕੇਂਦਰ ਬਣਿਆ ਤੁਰਿਆ ਆ ਰਿਹਾ ਹੈ। ਪਰ ਮਾਝੇ ਅੰਦਰ "ਜਨਤਕ ਪੈਗ਼ਾਮ" ਬਹੁਤ ਘੱਟ ਹੱਥਾਂ 'ਚ ਪਹੁੰਚ ਰਿਹਾ ਹੈ। ਵੱਡੀ ਵਜ੍ਹਾ ਇਹ ਹੈ ਕਿ ਸਾਡੇ ਕੋਲ ਇਸ ਖੇਤਰ ਅੰਦਰ ਬੁੱਕ ਸਟਾਲਾਂ ਦੇ ਸਿਰਨਾਵੇਂ ਬਹੁਤ ਘੱਟ ਹਨ। ਅਸੀਂ ਆਪਣੇ ਮਝੈਲ ਪਾਠਕਾਂ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਹ ਸਾਨੂੰ ਮਾਝਾ ਖੇਤਰ ਦੇ ਵੱਧ ਤੋਂ ਵੱਧ ਬੁੱਕ ਸਟਾਲਾਂ ਦੇ ਪਤੇ ਭੇਜਣ ਜਾਂ ਖੁਦ ਬੁੱਕ ਸਟਾਲਾਂ ਨਾਲ ਗੱਲ ਕਰਕੇ ਸਾਨੂੰ ਆਰਡਰ ਭਿਜਵਾਉਣ। ਸਾਡੇ ਕੋਲ ਤਰਨਤਾਰਨ, ਰਈਆ, ਚੋਹਤਾ ਚੌਂਕ, ਜੰਡਿਆਲਾ, ਤਰਸਿੱਕਾ, ਮਜੀਠਾ, ਅਜਨਾਲਾ, ਬਾਬਾ ਬਕਾਲਾ, ਝਬਾਲ, ਭਿੱਖੀਵਿੰਡ, ਸਰਹਾਲੀ, ਵਲਟੋਹਾ, ਪੱਟੀ, ਸ੍ਰੀ ਹਰਗੋਬਿੰਦਪੁਰ, ਕਾਦੀਆਂ, ਡੇਰਾ ਬਾਬਾ ਨਾਨਕ, ਕਲਾਨੌਰ, ਫਤਹਿਗੜ੍ਹ ਚੂੜੀਆਂ ਆਦਿ ਥਾਵਾਂ 'ਤੇ ਕਿਸੇ ਵੀ ਬੁੱਕ ਸਟਾਲ ਦਾ ਕੋਈ ਸਿਰਨਾਵਾਂ ਨਹੀਂ ਹੈ। 'ਜਨਤਕ ਪੈਗ਼ਾਮ' ਦੀ ਚੜ੍ਹਦੀ ਕਲਾ ਦੇ ਚਾਹਵਾਨ ਪਾਠਕਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਥਾਵਾਂ 'ਤੇ "ਜਨਤਕ ਪੈਗ਼ਾਮ" ਦੀ ਵਿਕਰੀ ਲਈ ਲੋੜੀਂਦੇ ਇੰਤਜ਼ਾਮ ਕਰਨ ਅਤੇ "ਜਨਤਕ ਪੈਗ਼ਾਮ" ਨੂੰ ਵੱਧ ਤੋਂ ਵੱਧ ਖਾੜਕੂ ਵੀਰਾਂ ਤੇ ਪਰਿਵਾਰਾਂ ਤੱਕ ਪਹੁੰਚਦਾ ਕਰਨ। ਇਸ ਦੇ ਨਾਲ ਹੀ, ਮਾਝੇ ਅੰਦਰ ਵੱਧ ਤੋਂ ਵੱਧ ਚੰਦੇ ਭਰਵਾ ਕੇ ਭੇਜਣ ਦੀ ਜ਼ੁੰਮੇਵਾਰੀ ਵੀ ਸਾਡੇ ਮਝੈਲ ਪਾਠਕਾਂ ਸਿਰ ਆਉਂਦੀ ਹੈ। ਉਮੀਦ ਹੈ ਸਾਡੀ ਇਸ ਅਪੀਲ ਨੂੰ ਮਾਝੇ ਅੰਦਰੋਂ ਨਿਗਰ ਹੁੰਗਾਰਾ ਮਿਲੇਗਾ ਅਤੇ 'ਜਨਤਕ ਪੈਗ਼ਾਮ' ਦੀ ਮਦਦ ਲਈ ਸੈਂਕੜੇ ਬਾਹਵਾਂ ਖੜ੍ਹੀਆਂ ਹੋਣਗੀਆਂ।

ਚਿੱਠੀ ਪੱਤਰ ਤੇ ਚੰਦਾ ਇਸ ਪਤੇ 'ਤੇ ਭੇਜਿਆ ਜਾਵੇ :

**ਨਵਦੀਪ ਸਿੰਘ ਬਿੱਟੂ,**
**ਪਿੰਡ ਤੇ ਡਾਕਖਾਨਾ ਸਕਰੌਦੀ,**
**ਜ਼ਿਲ੍ਹਾ ਸੰਗਰੂਰ, 148026**

JANTAK PAIGHAM 35 AL/TC/87/070523

## *ਐਸੀ ਮਰਨੀ ਜੋ ਮਰੈ :*

# (ਸ਼ਹੀਦ) ਭਾਈ ਜਗਰੂਪ ਸਿੰਘ ਕਾਲਖ਼

ਭਾਈ ਜਗਰੂਪ ਸਿੰਘ ਕਾਲਖ 25 ਜੁਲਾਈ ਨੂੰ ਸੰਗਰੂਰ ਜਿਲ੍ਹੇ ਦੇ ਪਿੰਡ ਬੁਗਾਂ ਵਿਕੇ ਆਪਣੇ ਇਕ ਸਾਥੀ ਸਮੇਤ, ਦੁਸ਼ਮਣ ਦੀਆਂ ਫੋਰਸਾਂ ਨਾਲ ਜੂਝਦੇ ਹੋਏ ਸ਼ਹੀਦ ਹੋ ਗਏ। ਉਹ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕਾਲਖ ਦੇ ਜੰਮਪਲ ਅਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਚੋਟੀ ਦੇ ਆਗੂਆਂ ਵਿਚੋਂ ਇਕ ਸਨ।

ਵੈਸੇ ਤਾਂ ਭਾਈ ਸਾਹਿਬ ਦੀ ਸ਼ਹੀਦੀ ਦੀ ਖਬਰ 26 ਜੁਲਾਈ ਦੇ ਅਖਬਾਰਾਂ ਵਿਚ ਹੀ ਛਪ ਗਈ ਸੀ, ਪਰ ਕਿਸੇ ਨੇ ਇਸ ਨੂੰ ਬਹੁਤਾ ਗੌਲਿਆ ਨਹੀਂ ਸੀ। ਖਬਰ ਸਿਰਫ ਏਨੀ ਸੀ ਕਿ ਦੋ ਖਾੜਕੂ ਨੌਜਵਾਨ ਪੁਲਿਸ ਦੇ ਘੇਰੇ ਵਿਚ ਆਉਣ ਤੋਂ ਬਾਅਦ ਮਾਰੇ ਗਏ। ਅੱਜ ਇਹੋ ਜਿਹੀਆਂ ਖਬਰਾਂ ਆਮ ਜਿਹੀ ਗੱਲ ਬਣੀਆਂ ਹੋਈਆਂ ਹਨ। ਪਰ ਅਗਲੇ ਦਿਨ ਜਿਉਂ ਹੀ ਅਖਬਾਰਾਂ ਵਿਚੋਂ ਪਤਾ ਲੱਗਿਆ ਕਿ ਪੁਲਿਸ ਹੱਥੋਂ ਮਾਰੇ ਜਾਣ ਵਾਲੇ ਦੋ ਨੌਜਵਾਨਾਂ ਵਿਚੋਂ ਇਕ ਭਾਈ ਜਗਰੂਪ ਸਿੰਘ ਕਾਲਖ ਸੀ ਤਾਂ ਲੋਕਾਂ ਦਾ ਪ੍ਰਤੀਕ੍ਰਮ ਇਕ-ਦਮ ਬਦਲ ਗਿਆ। ਭਾਈ ਸਾਹਿਬ ਦੇ ਕਾਰਜ-ਖੇਤਰ ਵਾਲੇ ਇਲਾਕੇ ਦੇ ਲੋਕ ਗਮ ਅਤੇ ਗੁੱਸੇ ਨਾਲ ਭਰ ਗਏ। ਉਹਨਾਂ ਨੇ ਸਾਰੇ ਕੰਮ-ਕਾਜ ਫੌਰੀ ਠੱਪ ਕਰ ਦਿਤੇ। ਭਾਈ ਸਾਹਿਬ ਪ੍ਰਤੀ ਅਪਣਾ ਸਤਿਕਾਰ ਪ੍ਰਗਟ ਕਰਨ ਲਈ ਅਤੇ ਦੁਸ਼ਮਣ ਪ੍ਰਤੀ ਰੋਹ ਦਾ ਪ੍ਰਗਟਾਵਾ ਕਰਨ ਵਾਸਤੇ ਇਲਾਕੇ ਅੰਦਰ ਮੁਕੰਮਲ ਬਦ ਕਰ ਦਿਤਾ ਗਿਆ। ਸ਼ਹੀਦਾਂ ਦੀ ਯਾਦ ਵਿਚ ਬੰਦ ਤਾਂ ਹੋਰ ਥਾਈਂ ਵੀ ਹੋ ਜਾਂਦੇ ਹਨ ਪਰ ਅਜਿਹੇ ਬੰਦਾਂ ਲਈ ਕਿਸੇ ਨਾ ਕਿਸੇ ਖਾੜਕੂ ਜਥੇਬੰਦੀ ਵੱਲੋਂ ਸੱਦਾ ਦਿਤਾ ਗਿਆ ਹੁੰਦਾ ਹੈ ਅਤੇ ਇਸ ਸੱਦੇ ਵਿਚ ਅਕਸਰ ਹੀ ਧਮਕੀ ਵੀ ਸ਼ਾਮਲ ਹੁੰਦੀ ਹੈ। ਪਰ ਭਾਈ ਜਗਰੂਪ ਸਿੰਘ ਦੀ ਸ਼ਹੀਦੀ ਦੀ ਖਬਰ ਬਾਰੇ ਪੱਕੀ ਜਾਣਕਾਰੀ ਮਿਲਣ 'ਤੇ ਲੋਕਾਂ ਵੱਲੋਂ ਅਹਿਮਦਗੜ੍ਹ, ਡੇਹਲੋਂ ਕੁੱਪ ਅਤੇ ਰਾੜਾ ਸਾਹਿਬ ਆਦਿ ਕਸਬਿਆਂ ਵਿਚ ਕੀਤਾ ਗਿਆ ਬੰਦ ਇਹਨਾਂ ਤੋਂ ਵੱਖਰੀ ਕਿਸਮ ਦਾ ਸੀ। ਇਸ ਬੰਦ ਲਈ ਨਾਂ ਤਾਂ ਕਿਸੇ ਖਾੜਕੂ ਜਥੇਬੰਦੀ ਨੇ ਕੋਈ ਸੱਦਾ ਦਿਤਾ ਸੀ ਤੇ ਨਾਂ ਹੀ ਕਿਸੇ ਕਿਸਮ ਦੀ ਧਮਕੀ। ਇਹ ਤਾਂ ਲੋਕਾਂ ਦਾ ਆਪਣੇ ਸ਼ਹੀਦ ਪ੍ਰਤੀ ਆਪ-ਮੁਹਾਰੇ ਫੁੱਟ ਪਿਆ ਪਿਆਰ ਤੇ ਸਤਿਕਾਰ ਸੀ। ਰੋਜ਼ਾਨਾ ਅਜੀਤ ਅਖਬਾਰ ਦੇ ਅਹਿਮਦਗੜ੍ਹ ਵਾਲੇ ਪੱਤਰਕਾਰ ਮੁਤਾਬਕ, "ਹਿੰਦੂਆਂ ਨੇ ਵੀ ਅਪਣਾ ਕਾਰੋਬਾਰ ਬੰਦ ਰੱਖਿਆ ਕਿਉਂਕਿ ਉਹ (ਭਾਈ ਜਗਰੂਪ ਸਿੰਘ ਕਾਲਖ) ਹਿੰਦੂਆਂ ਵਿਚ ਵੀ ਹਰਮਨ ਪਿਆਰਾ ਸੀ।"

ਭਾਈ ਸਾਹਿਬ ਨੂੰ ਸ਼ਹੀਦ ਕਰਨ ਤੋਂ ਫੌਰੀ ਬਾਅਦ ਪੁਲਸ ਨੇ ਉਹਨਾਂ ਦੀਆਂ ਦੋ ਭੈਣਾਂ ਨੂੰ ਹਿਰਾਸਤ ਵਿਚ ਲੈ ਲਿਆ। ਜਿਵੇਂ ਹੀ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗਿਆ ਉਹ ਰੋਹ ਵਿਚ ਖੌਲਦੇ ਹੋਏ ਵੱਡੀ ਗਿਣਤੀ ਵਿਚ ਮਲੇਰਕੋਟਲਾ ਪਹੁੰਚ ਗਏ ਅਤੇ ਥਾਣੇ ਦਾ ਘਿਰਾਓ ਕਰ ਲਿਆ। ਘਿਰਾਓ ਕਰ ਰਹੇ ਲੋਕਾਂ ਦੇ ਗੁਸੇ ਨੂੰ ਵੇਖਦੇ ਹੋਏ ਪੁਲਸ ਨੂੰ ਦੋਹਾਂ ਭੈਣਾਂ ਨੂੰ ਰਿਹਾ ਕਰਨ ਲਈ ਮਜਬੂਰ ਹੋਣਾ ਪਿਆ!

ਦੁਸ਼ਮਣ ਭਾਈ ਜਗਰੂਪ ਸਿੰਘ ਦੇ ਆਪਣੇ ਇਲਾਕੇ ਅੰਦਰ ਹਰਮਨ ਪਿਆਰਾ ਹੋਣ ਦੇ ਤੱਥ ਤੋਂ ਚੰਗੀ ਤਰ੍ਹਾਂ ਵਾਕਫ ਸੀ। ਉਸ ਨੂੰ ਡਰ ਮਾਰ ਰਿਹਾ ਸੀ ਕਿ ਜੇ ਭਾਈ ਸਾਹਿਬ ਦੀ ਲਾਸ਼ ਉਸਦੇ ਪਰਿਵਾਰ ਨੂੰ ਦੇ ਦਿਤੀ ਗਈ ਤਾਂ ਅੰਤਮ ਸੰਸਕਾਰ ਸਮੇਂ ਲੋਕਾਂ ਦੇ ਹੋਣ ਵਾਲੇ ਇਕੱਠ ਨੂੰ ਕੰਟਰੋਲ ਕਰਨਾ ਉਸ ਲਈ ਮੁਸ਼ਕਲ ਹੋ ਸਕਦਾ ਹੈ। ਇਸ ਲਈ ਲਾਸ਼ ਨੂੰ ਲਾਵਾਰਸ ਕਰਾਰ ਦੇ ਕੇ ਪੁਲਸ ਨੇ ਆਪ ਹੀ ਅੰਤਮ ਸੰਸਕਾਰ ਕਰ ਦਿਤਾ। ਪਰ ਦੁਸ਼ਮਣ ਦੇ ਅਜਿਹੇ ਕਮੀਨੇ ਹੱਥਕੰਡੇ ਸ਼ਹੀਦਾਂ ਨੂੰ ਲੋਕਾਂ ਨਾਲੋਂ ਦੂਰ ਨਹੀਂ ਰੱਖ ਸਕਦੇ। ਸ਼ਹੀਦ ਦੀਆਂ ਅਸਥੀਆਂ ਨੂੰ ਕੀਰਤਪੁਰ ਲੈ ਜਾਣ ਦੀਆਂ ਤਿਆਰੀਆਂ ਦੀ ਭਿਣਕ ਪੈਂਦਿਆਂ ਹੀ ਸ਼ਹੀਦ ਦੇ ਪਿੰਡ ਲੋਕਾਂ ਦਾ ਇਕ ਭਾਰੀ ਇਕੱਠ ਹੋਣਾ ਸ਼ੁਰੂ ਹੋ ਗਿਆ। ਜਿਉਂ ਹੀ ਇਹ ਇਕੱਠ ਇਕ ਕਾਫਲੇ ਦੀ ਸ਼ਕਲ ਵਿਚ ਕੀਰਤਪੁਰ ਨੂੰ ਤੁਰਿਆ, ਰਸਤੇ ਵਿਚ ਆਉਂਦੇ ਹਰ ਪਿੰਡ ਵਿਚੋਂ ਵੱਡੀ ਗਿਣਤੀ ਵਿਚ ਲੋਕ ਇਸ ਵਿਚ ਸ਼ਾਮਲ ਹੁੰਦੇ ਗਏ। ਗੁ: ਰਾੜਾ ਸਾਹਿਬ ਜਾ ਕੇ ਇਹ ਕਾਫਲਾ ਦੋ ਕਿਲੋਮੀਟਰ ਤੱਕ ਫੈਲ ਗਿਆ। ਇਥੇ ਆ ਕੇ ਕਾਫਲੇ ਵਿਚ ਸ਼ਾਮਲ ਟਰੱਕਾਂ ਦੀ ਗਿਣਤੀ 130 ਦੇ ਕਰੀਬ ਸੀ। ਕਾਰਾਂ ਜੀਪਾਂ ਤੇ ਟੈਂਪੂ ਇਹਨਾਂ ਤੋਂ ਅਲੱਗ ਸਨ। ਇਕ ਅੰਦਾਜੇ ਮੁਤਾਬਕ ਭਾਈ ਸਾਹਿਬ ਦੀਆਂ ਅਸਥੀਆਂ ਨਾਲ ਕੋਈ ਦਸ ਹਜ਼ਾਰ ਤੋਂ ਵੱਧ ਲੋਕ ਤੁਰ ਰਹੇ ਸਨ। ਲੋਕਾਂ ਵੱਲੋਂ ਸ਼ਹੀਦ ਭਾਈ ਜਗਰੂਪ ਸਿੰਘ ਨੂੰ ਮਿਲ ਰਹੇ ਇਸ ਮਾਣ-ਸਤਿਕਾਰ

(ਬਾਕੀ ਸਫਾ 26 'ਤੇ)

ਵਾਪਸੀ :—ਨਵਦੀਪ ਸਿੰਘ ਬਿੱਟੂ, ਪਿੰਡ ਤੇ ਡਾਕਖਾਨਾ ਸਕਰੌਦੀ, ਜ਼ਿਲਾ ਸੰਗਰੂਰ—148026